TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਸ਼ਨਿਚਰਵਾਰ, 30 ਅਗਸਤ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ

ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 | ਸਾਲ : 17 ਅੰਕ: 10 | ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਧਾਰਮਿਕ ਯਾਤਰਾ ਦੌਰਾਨ ਵੱਡਾ ਹਾਦਸਾ, ਜ਼ਮੀਨ ਖਿਸਕਣ ਕਾਰਨ ਪੰਜਾਬ ਦੇ ਤਿੰਨ ਸ਼ਰਧਾਲੂਆਂ ਸਮੇਤ 11 ਲੋਕਾਂ ਦੀ ਮੌਤ

### ਮੌਤਾਂ ਪੱਥਰ ਡਿੱਗਣ ਅਤੇ ਉੱਚਾਈ 'ਤੇ ਆਕਸੀਜਨ ਦੀ ਘਾਟ ਕਾਰਨ ਹੋਈਆਂ

ਚੰਬਾ (ਲੋਕ ਬਾਣੀ)-ਮਣੀਮਹੇਸ਼ ਯਾਤਰਾ 'ਤੇ ਵੀਰਵਾਰ ਰਾਤ ਨੂੰ ਇੱਕ ਦੁਖਾਂਤ ਵਾਪਰਿਆ ਜਦੋਂ ਚੰਬਾ ਜ਼ਿਲ੍ਹੇ ਦੇ ਭਰਮੌਰ ਵਿੱਚ ਜ਼ਮੀਨ ਖਿਸਕਣ ਕਾਰਨ 11 ਸ਼ਰਧਾਲੂਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਪੰਜਾਬ ਦੇ ਤਿੰਨ, ਉੱਤਰ ਪ੍ਰਦੇਸ਼ ਦਾ ਇੱਕ ਅਤੇ ਚੰਬਾ ਦੇ ਪੰਜ ਸ਼ਾਮਲ ਹਨ, ਜਦੋਂ ਕਿ ਦੋ ਪੀੜਤਾਂ ਦੀ ਪਛਾਣ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ। ਅਧਿਕਾਰੀਆਂ ਦੇ ਅਨੁਸਾਰ, ਮੌਤਾਂ ਪੱਥਰ ਡਿੱਗਣ ਅਤੇ ਉੱਚਾਈ 'ਤੇ ਆਕਸੀਜਨ ਦੀ ਘਾਟ ਕਾਰਨ ਹੋਈਆਂ ਹਨ। ਭਰਮੌਰ ਵਿੱਚ ਲਗਭਗ 3,000 ਸ਼ਰਧਾਲੂ ਫਸੇ ਹੋਏ ਹਨ, ਜਿੱਥੇ ਬਚਾਅ ਕਾਰਜ ਚੱਲ ਰਹੇ ਹਨ। ਪਿਛਲੇ ਹਫ਼ਤੇ, ਇਸੇ ਤਰ੍ਹਾਂ ਦੇ ਜ਼ਮੀਨ ਖਿਸਕਣ ਵਿੱਚ ਸੱਤ ਸ਼ਰਧਾਲੂਆਂ ਦੀ ਵੀ ਜਾਨ ਚਲੀ ਗਈ ਸੀ, ਜਦੋਂ ਕਿ ਨੌਂ ਹੋਰ ਲਾਪਤਾ ਹੋ ਗਏ ਸਨ। ਪਹਿਲਾਂ ਸਵੇਰੇ ਉਤਰਾਖੰਡ 'ਚ ਹੋਈ ਤਬਾਹੀ ਇਸ



ਦੌਰਾਨ ਉੱਤਰਾਖੰਡ ਵਿੱਚ, ਰੁਦਰਪ੍ਰਯਾਗ, ਚਮੋਲੀ ਅਤੇ ਟਿਹਰੀ ਗੜ੍ਹਵਾਲ ਜ਼ਿਲ੍ਹਿਆਂ ਵਿੱਚ ਵੀਰਵਾਰ ਦੇਰ ਰਾਤ ਬੱਦਲ ਫਟਣ ਕਾਰਨ ਕਈ ਲੋਕ ਲਾਪਤਾ ਹੋ ਗਏ ਹਨ। ਚਮੋਲੀ ਵਿੱਚ, ਮਲਬੇ ਕਾਰਨ ਬਹੁਤ ਸਾਰੇ ਪਰਿਵਾਰ ਆਪਣੇ ਘਰਾਂ ਦੇ ਅੰਦਰ ਫਸ ਗਏ ਸਨ। ਰੁਦਰਪ੍ਰਯਾਗ ਵਿੱਚ, ਅਲਕਨੰਦਾ ਅਤੇ ਮੰਦਾਕਿਨੀ ਨਦੀਆਂ ਖ਼ਤਰਨਾਕ ਪੱਧਰ ਤੱਕ ਵੱਧ ਗਈਆਂ ਹਨ।

## ਪੰਜਾਬੀ ਯੂਨੀਵਰਸਿਟੀ ਦੇ ਵੀਸੀ ਅਤੇ ਰਜਿਸਟਰਾਰ ਸਮੇਤ 4 ਅਧਿਕਾਰੀਆਂ ਖਿਲਾਫ਼ ਐੱਫਆਈਆਰ ਦਰਜ

ਚੰਡੀਗੜ੍ਹ (ਲੋਕ ਬਾਣੀ)-ਪੰਜਾਬੀ ਯੂਨੀਵਰਸਿਟੀ 'ਚ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਯੂਨੀਵਰਸਿਟੀ 'ਚ ਵੱਡੇ ਟੋਏ ਪੱਟ ਕੇ ਇਨਾਂ ਵਿਚ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਦੱਬਣ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਕਾਪੀਆਂ ਟੋਏ 'ਚ ਸੁੱਟੀਆਂ ਦੇਖ ਵਿਦਿਆਰਥੀ ਜਥੇਬੰਦੀਆਂ ਭੜਕ ਗਈਆਂ ਤੇ 'ਵਰਸਿਟੀ ਪ੍ਰਸ਼ਾਸਨ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮਾਮਲੇ ਸਬੰਧੀ ਵੀਰਵਾਰ ਨੂੰ ਥਾਣਾ ਅਰਬਨ ਅਸਟੇਟ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਰਜਿਸਟਰਾਰ, ਡੀਨ ਅਕਾਦਮਿਕ ਅਤੇ ਪਬਲੀਕੇਸ਼ਨਜ਼ ਬਿਊਰੋ ਇੰਚਾਰਜ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਮਨਵਿੰਦਰ ਸਿੰਘ ਵਲੋਂ ਦਿੱਤੇ ਬਿਆਨ ਵਿਚ ਦੋਸ਼ ਹੈ ਕਿ ਯੂਨੀਵਰਸਿਟੀ ਵਿੱਚ ਮਹਾਨ ਕੋਸ਼ ਦੀਆਂ ਪੋਥੀਆਂ ਸਾਜ਼ਿਸ਼ ਤਹਿਤ ਬਿਨਾ ਮਰਿਆਦਾ ਤੇ ਸਤਿਕਾਰ ਦੇ ਪੈਰਾਂ 'ਚ ਲਤਾੜਦੇ ਹੋਏ ਮਿੱਟੀ 'ਚ ਸੁੱਟ ਕੇ ਬੇਅਦਬੀ ਕੀਤੀ ਹੈ।

## ਬੱਦਲ ਫਟਣ ਕਾਰਨ ਭਾਰੀ ਤਬਾਹੀ..! ਕਈ ਲੋਕ ਲਾਪਤਾ

ਉਤਰਾਖੰਡ (ਲੋਕ ਬਾਣੀ)-ਉਤਰਾਖੰਡ ਵਿੱਚ ਵੱਖ-ਵੱਖ ਥਾਵਾਂ 'ਤੇ ਬੱਦਲ ਫਟਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਚਮੋਲੀ ਜ਼ਿਲ੍ਹੇ ਦੇ ਦੇਵਾਲ ਬਲਾਕ ਵਿੱਚ ਬੱਦਲ ਫਟਣ ਦੀ ਘਟਨਾ ਵਾਪਰੀ ਹੈ। ਜਿਸ ਵਿੱਚ ਪਤੀ-ਪਤਨੀ ਲਾਪਤਾ ਹਨ ਅਤੇ ਦੋ ਲੋਕ ਜ਼ਖਮੀ ਹੋ ਗਏ ਹਨ, ਨਾਲ ਹੀ 20 ਪਸ਼ੂ ਮਲਬੇ ਹੇਠਾਂ ਦੱਬੇ ਹੋਏ ਹਨ। ਟਿਹਰੀ ਦੇ ਭੀਲੰਗਾਨਾ ਬਲਾਕ ਦੇ ਗੇਨਵਾਲੀ ਪਿੰਡ ਵਿੱਚ ਵੀ ਬੱਦਲ ਫਟਣ ਦੀ ਘਟਨਾ ਵਾਪਰੀ ਹੈ। ਖੁਸ਼ਕਿਸਮਤੀ ਨਾਲ, ਇੱਥੇ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਸ ਤੋਂ ਇਲਾਵਾ ਰੁਦਰਪ੍ਰਯਾਗ ਵਿੱਚ ਵੀ ਬੱਦਲ ਫਟਣ ਦੀ ਘਟਨਾ ਵਾਪਰੀ ਹੈ। ਜਾਖੋਲੀ ਬਲਾਕ ਦੇ ਚੇਨਾਗੜ੍ਹ, ਬਾਂਗਰ ਸਮੇਤ ਕਈ ਥਾਵਾਂ 'ਤੇ ਭਾਰੀ ਮੀਂਹ ਕਾਰਨ ਵਿਆਪਕ ਨੁਕਸਾਨ ਹੋਇਆ ਹੈ। ਵੀਰਵਾਰ ਦੇਰ ਰਾਤ ਤੋਂ ਭਾਰੀ ਮੀਂਹ ਸ਼ੁੱਕਰਵਾਰ ਨੂੰ ਵੀ ਜਾਰੀ ਰਿਹਾ।

## ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨਾਂ ਲਈ 70 ਤੇ ਮਜ਼ਦੂਰਾਂ ਲਈ 10 ਹਜ਼ਾਰ ਰੁਪਏ ਮੁਆਵਜ਼ਾ ਮੰਗਿਆ

### ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਘੇਰਨ ਦਾ ਐਲਾਨ ਕੀਤਾ

ਮਾਨਸਾ (ਲੋਕ ਬਾਣੀ)-ਸੰਯੁਕਤ ਕਿਸਾਨ ਮੋਰਚੇ ਨੇ ਹੜ੍ਹਾਂ ਕਾਰਨ ਪੰਜਾਬ ਵਿੱਚ ਹੋਈ ਫ਼ਸਲਾਂ ਦੇ ਨੁਕਸਾਨ ਲਈ 70 ਹਜ਼ਾਰ ਰੁਪਏ ਪ੍ਰਤੀ ਏਕੜ ਕਿਸਾਨਾਂ ਮੁਆਵਜ਼ਾ ਅਤੇ 10 ਹਜ਼ਾਰ ਪ੍ਰਤੀ ਏਕੜ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ 2 ਸਤੰਬਰ ਨੂੰ ਰਾਜ ਵਿੱਚ ਹੜ੍ਹਾਂ ਦੇ ਮੁਆਵਜ਼ੇ ਦੀ ਮੰਗ ਨੂੰ ਲੈਕੇ ਅਤੇ ਗੰਨੇ ਦੀ ਰੁਕੀ ਹੋਈ ਅਦਾਇਗੀ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਘੇਰਨ ਦਾ ਐਲਾਨ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਵਿੱਚ ਪੰਜਾਬ ਚੈਪਟਰ ਦੀਆਂ ਕਿਸਾਨ ਜਥੇਬੰਦੀਆਂ ਦੀ ਪ੍ਰਵਾਨਗੀ ਨਾਲ ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਮੋਰਚੇ ਦੇ ਪ੍ਰਮੁੱਖ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਸਾਦੀਪੁਰ ਅਤੇ ਬਲਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹ ਦੇ ਪਾਣੀ ਨੇ ਪੂਰੇ ਸੂਬੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਮੌਸਮ ਵਿਭਾਗ ਦੀ ਜਾਣਕਾਰੀ ਅਨੁਸਾਰ ਇੱਕ ਹਫ਼ਤਾ ਹੋਰ ਸਾਰਾ ਪੰਜਾਬ ਹਾਈ ਅਲਰਟ 'ਤੇ ਹੈ ਅਤੇ ਇਸ ਨਾਜ਼ੁਕ



ਸਥਿਤੀ ਦੇ ਚੱਲਦਿਆਂ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਵਿੱਚ ਫੇਲ੍ਹ ਸਾਬਤ ਹੋਈ ਹੈ।

## ਕਾਂਗਰਸ ਦਾ ਆਰਐੱਸਐੱਸ ਮੁਖੀ ਭਾਗਵਤ 'ਤੇ ਨਿਸ਼ਾਨਾ

ਨਵੀਂ ਦਿੱਲੀ (ਲੋਕ ਬਾਣੀ)-ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਮੁਖੀ ਮੋਹਨ ਭਾਗਵਤ ਵੱਲੋਂ ਦਿੱਤੇ ਬਿਆਨ ਕਿ ਉਨ੍ਹਾਂ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਉਹ 75 ਸਾਲ ਦੀ ਉਮਰ 'ਚ ਰਿਟਾਇਰ ਹੋਣਗੇ ਜਾਂ ਕਿਸੇ ਹੋਰ ਨੂੰ ਰਿਟਾਇਰ ਹੋਣਾ ਚਾਹੀਦਾ ਹੈ, 'ਤੇ ਕਾਂਗਰਸ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਕਾਂਗਰਸ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਮਹੀਨੇ ਦੇ ਅੰਦਰ ਦੋ ਬਿਆਨ ਦਿੱਤੇ ਜੋ ਆਪਸ ਵਿਚ ਮੇਲ ਨਹੀਂ ਖਾਂਦੇ। ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਭਾਗਵਤ ਦੇ ਵੀਰਵਾਰ ਅਤੇ ਜੁਲਾਈ ਦੇ ਬਿਆਨਾਂ ਦੀਆਂ ਮੀਡੀਆ ਰਿਪੋਰਟਾਂ ਨੂੰ ਟੈਗ ਕਰਦੇ ਹੋਏ ਕਿਹਾ, ÷ਇੱਕ ਮਹੀਨਾ, ਇੱਕ ਵਿਅਕਤੀ, ਦੋ ਵਿਰੋਧੀ ਬਿਆਨ।÷ ਭਾਗਵਤ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੀਆਂ ਪਿਛਲੀਆਂ ਟਿੱਪਣੀਆਂ 'ਤੇ ਲੱਗ ਰਹੀਆਂ ਕਿਆਸਅਰਾਈਆਂ ਨੂੰ ਖਤਮ ਕਰਦੀਆਂ ਹਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਸੀ। ਮੋਦੀ ਅਤੇ ਭਾਗਵਤ ਦੋਵੇਂ ਅਗਲੇ ਮਹੀਨੇ 75 ਸਾਲ ਦੇ ਹੋ ਜਾਣਗੇ।




1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਭਾਰਤੀ ਫੌਜ਼ ਦੀ ਜਿੰਨੀ ਵੀ ਸਿਫ਼ਤ ਕੀਤੀ ਜਾਵੇ ਉਹ ਵੀ ਥੋੜੀ ਹੈ

ਮੈ ਫੌਜ਼ ਦੀ ਤਰੀਫ ਕੀਤੇ ਬਿਨਾਂ ਕਦੇ ਵੀ ਨਹੀਂ ਰਹਿ ਸਕਦਾ । ਕਿਉਂਕਿ ਅਗਰ ਅੱਜ ਅਸੀਂ ਆਪਣੇ ਘਰਾਂ ਵਿੱਚ ਅਰਾਮ ਦੀ ਨੀਂਦ ਨਾਲ ਸੌਂ ਰਹੇ ਹਾਂ ਤਾਂ ਉਹ ਭਾਰਤੀ ਫੌਜ਼ ਕਰਕੇ । ਉਹ ਰਾਤ ਦਿਨ ਸਾਡੀਆਂ ਦੇਸ਼ ਦੀਆਂ ਸਰਹੱਦਾਂ ਉਤੇ ਜਾਗਦੇ ਹਨ । ਭਾਰਤੀ ਫੌਜ਼ ਦਾ ਇਤਿਹਾਸ ਬਹੁਤ ਪੁਰਾਣਾ ਹੈ । ਸਦੀਆਂ ਤੋਂ ਇਹ ਵਫ਼ਾਦਾਰੀ ਨਿਭਾਉਂਦੀ ਆ ਰਹੀ ਹੈ । ਜਦੋਂ ਨੌਜਵਾਨ ਫੌਜ਼ ਵਿੱਚ ਭਰਤੀ ਹੋ ਜਾਂਦਾ ਹੈ । ਉਸ ਸਮੇ ਤੋਂ ਹੀ ਇਹਨਾਂ ਨੂੰ ਦੇਸ਼ ਸੇਵਾ ਦਾ ਸਬਕ ਸਿਖਾਇਆ ਜਾਂਦਾ ਹੈ । ਟ ?ਰੇਨਿੰਗ ਖਤਮ ਹੋਣ ਤੋਂ ਬਾਅਦ ਇਹਨਾਂ ਨੂੰ ਆਪਣੇ ਆਪਣੇ ਧਰਮ ਮੁਤਾਬਿਕ ਕਸਮ ਪੂਰੀ ਨਹੀਂ ਹੋਣੀ । ਅੱਜ ਸਿਰਫ ਮੈ ਆਏ ਹੋਏ ਹੜ੍ਹਾਂ ਦਾ ਜਿਕਰ ਹੀ ਕਰਨ ਜਾ ਰਿਹਾ ਹਾਂ । ਕਿਸੇ ਨਾ ਕਿਸੇ ਸੂਬੇ ਵਿੱਚ ਮਾਨਸੂਨ ਦੀ ਰੁੱਤ ਵਿੱਚ ਹੜ੍ਹ ਆ ਹੀ ਜਾਂਦੇ ਹਨ । ਭਾਵੇ ਉਹ ਸਮੁੱਚੇ ਭਾਰਤ ਦਾ ਕੋਈ ਵੀ ਸੂਬਾ ਕਿਉਂ ਨਾ ਹੋਵੇ । ਇੱਕ ਘਟਨਾ ਮੈ ਆਪ ਜੀ ਦੇ ਨਾਲ ਸਾਂਝੀ ਕਰਨ ਜਾ ਰਿਹਾ ਹਾਂ । ਸਤੰਬਰ 2009 ਵਿੱਚ ਬਿਹਾਰ ਦੇ ਸਪੋਲ ਜਿਲ੍ਹੇ ਵਿੱਚ ਬਹੁਤ ਵੱਡਾ ਹੜ੍ਹ ਆਇਆ ਸੀ । ਨਿਪਾਲ ਦੀ ਸਭ ਤੋਂ ਵੱਡੀ ਨਦੀ ਕੋਸੀ ਓਵਰ ਫਲੋ ਹੋਣ ਕਾਰਨ ਟੁੱਟ ਗਈ । ਰਾਤੋ ਰਾਤ ਉਸ ਨੇ ਕਈ ਜ਼ਿਲਿਆਂ ਨੂੰ ਉਸ ਨੇ ਆਪਣੇ ਕਲਾਵੇ ਵਿੱਚ ਲੈ ਲਿਆ । ਖਾਸ ਕਰਕੇ ਪੁਰਨੀਆ ਤੇ ਸਪੋਲ ਜਿਲ੍ਹਾ ਦੇ ਵਿੱਚ ਕੋਈ ਜਗ ?ਹਾ ਜਾਂ ਸੜ੍ਹਕ ਨਹੀਂ ਬਚੀ ਸੀ । ਜਿਹੜੀ ਹੜ੍ਹ ਦੀ ਲਪੇਟ ਵਿੱਚ ਨਾ ਆਈ ਲਾਏ ਗਏ । ਸਾਡੀ ਕੋਸਿਸ ਇਹੋ ਸੀ ਕਿ ਕਿਸੇ ਦਾ ਕੋਈ ਜਾਨੀ ਨੁਕਸਾਨ ਨਾ ਹੋਵੇ । ਕਈ ਲੋਕਾਂ ਨੂੰ ਦਰੱਖਤਾਂ ਤੋਂ ਲਾਹ ਕੇ ਲੈ ਆਏ ਸੀ । ਕਈ ਲੋਕ ਆਪਣੀਆਂ ਘਰਾਂ ਦੀਆਂ ਛੱਤਾਂ ਉਪਰ ਬੈਠੇ ਸਨ ਉਹਨਾਂ ਨੂੰ ਬਚਾਇਆ ਗਿਆ । ਪੂਰਾ ਇੱਕ ਮਹੀਨਾ ਅਸੀਂ ਉੱਥੇ ਹੜ੍ਹ ਪੀੜਤਾਂ ਦੀ ਸੇਵਾ ਕੀਤੀ । ਸਾਨੂੰ ਇਹ ਕਾਰਜ ਕਰਕੇ ਬਹੁਤ ਸਕੂਨ ਮਿਲਦਾ ਸੀ । ਅਸੀਂ ਇਹੋ ਹੀ ਸੋਚਦੇ ਸੀ ਕਿ ਪਰਮਾਤਮਾ ਨੇ ਸਾਡਾ ਜੀਵਨ ਸਫਲ ਕਰ ਦਿੱਤਾ । ਅਸੀਂ ਕਿਸੇ ਦੇ ਕੰਮ ਆਏ ਹਾਂ ,ਬੇਸ਼ੱਕ ਪਾਣੀ ਜਿਆਦਾ ਚਿਰ ਖੜਨ ਕਰਕੇ ਬਿਮਾਰੀਆਂ ਵੀ ਵੱਧ ਰਹੀਆਂ ਸਨ । ਪਰ ਅਸੀਂ ਕੋਈ ਪ੍ਰਵਾਹ ਨਹੀਂ ਕੀਤੀ ਸੀ । ਜੋ ਅੱਜ ਮੰਜ਼ਰ ਪੰਜਾਬ ਵਿੱਚ ਵੇਖਣ ਨੂੰ ਮਿਲ ਰਿਹਾ ,ਇਹੋ ਹੀ ਮੰਜ਼ਰ ਉਥੇ ਸੀ । ਜਦੋਂ ਮੈ ਫੌਜ਼ੀਆਂ ਨੂੰ ਲੋਕਾਂ ਦੀ ਜਾਨ



ਖਵਾਈ ਜਾਂਦੀ ਹੈ । ਹਰ ਇੱਕ ਫੌਜ਼ੀ ਆਪਣੇ ਆਪਣੇ ਧਰਮ ਮੁਤਾਬਿਕ ਗ੍ਰੰਥਾਂ ਤੇ ਹੱਥ ਧਰ ਕੇ ਸੌਂਹ ਖਾਂਦਾ ਹੈ । ਕਿ ਅਗਰ ਦੇਸ਼ ਨੂੰ ਮੇਰੀ ਜਾਨ ਦੀ ਜ਼ਰੂਰਤ ਪਈ ਤਾਂ ਮੈ ਹੱਸਦੇ ਹੱਸਦੇ ਵਾਰ ਦਿਆਂਗਾ । ਭਾਵੇਂ ਅੱਗ ਹੋਵੇ ,ਭਾਵੇ ਪਾਣੀ ਹੋਵੇ ,ਭਾਵੇ ਬਰਫ਼ਾਂ ਦੇ ਤੂਫ਼ਾਨ ਹੋਣ, । ਮੈ ਇਸ ਵਲ ਜਾਣ ਤੋਂ ਕਦੇ ਇੰਨਕਾਰ ਨਹੀਂ ਕਰਾਂਗਾ । ਤੁਸੀਂ ਬੇਸ਼ੱਕ ਇਤਿਹਾਸ ਦੇ ਵਰਕੇ ਫਰੋਲ ਕੇ ਵੇਖ ਲਓ । ਹਰ ਵਰਕੇ ਉਤੇ ਫੌਜ਼ੀਆਂ ਦੀਆਂ ਕੁਰਬਾਨੀਆਂ ਦੇ ਜ਼ਿਕਰ ਮਿਲਣਗੇ । ਦੇਸ਼ ਦੀ ਆਨ ਸ਼ਾਨ ਪ੍ਰਤੀ ਇਹਨਾਂ ਦੇ ਮਨ ਅੰਦਰ ਪਿਆਰ ਦੀ ਗੁੱਥੀ ਕੁੱਟ ਕੁੱਟ ਕੇ ਭਰੀ ਹੁੰਦੀ ਹੈ । ਸਭ ਤੋਂ ਜਿਆਦਾ ਤਿਰੰਗੇ ਦਾ ਸਤਿਕਾਰ ਫੌਜ਼ੀ ਹੀ ਕਰਦੇ ਹਨ । ਭਾਵੇਂ ਲੜਾਈ ਦਾ ਮੈਦਾਨ ਹੋਵੇ। ਭਾਵੇ ਕਿਸੇ ਪ੍ਰਕਾਰ ਦੀ ਬਿਪਤਾ ਦੇਸ਼ ਉਤੇ ਪੈ ਜਾਵੇ । ਇਹਨਾਂ ਨੂੰ ਹੁਕਮ ਮਿਲਦਿਆਂ ਹੀ ਆਪਣਾ ਐਕਸ਼ਨ ਕਰਨਾ ਸ਼ੁਰੂ ਕਰ ਦਿੰਦੇ ਹਨ । ਇਹ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਇੱਕ ਦੂਜੇ ਤੋਂ ਅੱਗੇ ਜਾ ਕੇ ਕੰਮ ਕਰਨ ਵਿੱਚ ਆਪਣਾ ਫਰਜ਼ ਸਮਝਦੇ ਹਨ । ਇਹਨਾਂ ਨਾਲ ਕਿਸੇ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ । ਇਹਨਾਂ ਦੇ ਹੌਸਲੇ ਇੰਨੇ ਬੁਲੰਦ ਹੁੰਦੇ ਹਨ ,ਕਿ ਸਾਹਮਣੇ ਵਾਲੇ ਦੁਸ਼ਮਣ ਆਪਣੇ ਰੋਹਬ ਨਾਲ ਭੈ ਭੀਤ ਕਰ ਦਿੰਦੇ ਹਨ । ਅਗਰ ਮੈ ਇਹਨਾਂ ਦੀਆਂ ਬਹਾਦਰੀਆਂ ਦੀਆਂ ਗੱਲਾਂ ਕਰਨ ਲੱਗ ਗਿਆ ਤਾਂ ਕਈ ਵਰਕੇ ਭਰ ਜਾਣਗੇ । ਗੱਲ ਫਿਰ ਵੀ ਹੋਵੇ । ਚਾਰ ਚੁਫੇਰੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ । ਸਮੁੰਦਰ ਵਾਂਗੂ ਪਾਣੀ ਦੀਆਂ ਲਹਿਰਾਂ ਹੀ ਨਜ਼ਰ ਆਉਦੀਆਂ ਸਨ । ਜਦੋਂ ਸਾਰੇ ਪ੍ਰਸ਼ਾਸ਼ਨ ਦੇ ਹੀਲੇ ਵਸੀਲੇ ਫੇਲ੍ਹ ਹੋ ਗਏ । ਉਸ ਵਕਤ ਬਿਹਾਰ ਸਰਕਾਰ ਨੇ ਫੌਜ਼ ਦੀ ਮਦਦ ਦੀ ਗੁਹਾਰ ਲਾਈ । ਸਾਡੀ ਯੂਨਿਟ ਉਸ ਸਮੇਂ ਦੇਹਰਾਦੂਨ ਵਿੱਚ ਤਾਇਨਾਤ ਸੀ । ਸਾਡੀ ਯੂਨਿਟ ਨੂੰ ਹੁਕਮ ਮਿਲਿਆ ਕਿ ਬਿਹਾਰ ਵਿੱਚ ਪਾਣੀ ਆਉਣ ਕਰਕੇ ਹਾਲਾਤ ਖਰਾਬ ਹੋ ਗਏ ਹਨ । ਅਸੀਂ ਰਾਤੋ ਰਾਤ ਗੱਡੀਆਂ ਰਾਹੀਂ ਬਰੇਲੀ ਏਅਰ ਪੋਰਟ ਸਟੇਸ਼ਨ ਪਹੁੰਚ ਗਏ । ਅਗਲੇ ਦਿਨ ਸਵੇਰੇ ਏਂ ਐਨ 32 ਜਹਾਜ਼ ਰਾਹੀਂ ਪੁਰਨੀਆ ਏਅਰ ਸਟੇਸ਼ਨ ਤੇ ਪਹੁੰਚ ਗਏ । ਉਥੋਂ ਸਾਨੂੰ ਦੋ ਸੌ ਸਿਵਲ ਟਰੱਕ ਮਿਲ ਗਏ । ਅਸੀਂ ਉਹਨਾਂ ਰਾਹੀਂ ਸਪੋਲ ਵਿੱਚ ਪਹੁੰਚ ਗਏ । ਅਸੀਂ ਕੀ ਖਾਦਾ ਸੀ ਕੀ ਨਹੀਂ ਖਾਦਾ । ਇਹ ਬਿੰਨਾਂ ਪ੍ਰਵਾਹ ਕੀਤੇ ਅਸੀਂ ਕੋਸੀ ਨਦੀ ਦੇ ਕਿਨਾਰੇ ਪਹੁੰਚ ਗਏ । ਉੱਥੇ ਹਜ਼ਾਰਾਂ ਦੀ ਤਾਦਾਦ ਨਾਲ ਲੋਕ ਭੁੱਖੇ ਭਾਣੇ ਆਪਣੀ ਜਾਨ ਬਚਾਕੇ ਬੰਨਾਂ ਉਤੇ ਬੈਠੇ ਹੋਏ ਸਨ । ਖੈਰ ਰਾਸ਼ਨ ਪਾਣੀ ਤਾਂ ਬਾਹਰਲੇ ਸੂਬਿਆਂ ਤੋਂ ਬਹੁਤ ਹੀ ਜਿਆਦਾ ਜਹਾਜ਼ਾਂ ਰਾਹੀਂ ਪਹੁੰਚ ਗਿਆ ਸੀ । ਅਸੀਂ ਆਪਣੀ ਤਨਦੇਹੀ ਨਾਲ ਦਿਨ ਰਾਤ ਇੱਕ ਕਰਕੇ ਲੋਕਾਂ ਦੀ ਜਾਨ ਬਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ । ਕਿਸ਼ਤੀਆਂ ,ਬੇੜੇ ,ਹੈਲੀਕਾਪਟਰ ਸਾਰੇ ਹੀ ਸੇਵਾ ਵਿੱਚ ਬਚਾਉਦਿਆਂ ਵੇਖਦਾ ਹਾਂ । ਮੈਨੂੰ ਆਪਣੀ ਪੁਰਾਣੀ ਯਾਦ ਸਤਾਉਣ ਲੱਗ ਪੈਂਦੀ ਹੈ । ਮੇਰਾ ਇੱਕ ਗਿਲਵਾ ਉਹਨਾਂ ਲੋਕਾਂ ਨਾਲ ਹੈ ,ਜਿਹੜੇ ਫੌਜ਼ ਨੂੰ ਮਾੜਾ ਬੋਲਦੇ ਤੇ ਕਿੰਤੂ ਪ੍ਰੰਤੂ ਕਰਦੇ ਹਨ । ਫੌਜ਼ ਦੀਆਂ ਤਨਖਾਹਾਂ ਉਤੇ ਟਿੱਪਣੀ ਕਰਦੇ ਹਨ । ਫੌਜ਼ੀਆਂ ਦੀ ਪੈਨਸ਼ਨ ਉਤੇ ਕਿੰਤੂ ਪਰੰਤੂ ਕਰਦੇ ਰਹਿੰਦੇ ਹਨ । ਜੇ ਕਿਸੇ ਨੇ 1948,1962,1971,1999 ਦੀ ਜੰਗ ਨਹੀਂ ਵੇਖੀ । ਹੁਣ ਹੀ ਆ ਕੇ ਵੇਖ ਲੈਣ ਕਿ ਫੌਜ਼ ਕਿਵੇਂ ਤਨਦੇਹੀ ਨਾਲ ਸੇਵਾ ਕਰਦੀ ਹੈ । ਇੱਕ ਫੌਜ਼ ਹੀ ਇਹੋ ਜਿਹਾ ਕਾਫਲਾ ਹੈ । ਜਿਸ ਨੂੰ ਕਿਸੇ ਧਰਮ ਕਿਸੇ ਜਾਤ ਪਾਤ ਜਾਂ ਕਿਸੇ ਸੂਬੇ ਨਾਲ ਕੋਈ ਵਿੱਤਕਰਾ ਨਹੀਂ ਹੁੰਦਾ । ਇਹ ਸਰਵ ਧਰਮ ਨੂੰ ਮੰਨਦੇ ਹੋਏ ਪੂਰਨ ਤਨਦੇਹੀ ਨਾਲ ਸੇਵਾ ਕਰ ਰਹੇ ਹਨ । ਇਹਨਾਂ ਨੂੰ ਸਿਜਦਾ ਕਰਨਾ ਸਾਡੇ ਹਰੇਕ ਸਮੁੱਚੇ ਭਾਰਤੀ ਦਾ ਫਰਜ਼ ਬਣਦਾ ਹੈ । ਆਉ ਆਪਾਂ ਵੀ ਇਹਨਾਂ ਨੂੰ ਖਿੜੇ ਮੱਥੇ ਸਲੂਟ ਕਰੀਏ । ਫੌਜ਼ ਦੇ ਜਵਾਨ -ਸਾਡੇ ਦੇਸ਼ ਦੀ ਸ਼ਾਨ । 'ਜੈ ਹਿੰਦ '



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**ਮਮਦੋਟ**

# ਹੁਣ ਉਹ ਦਿਨ ਦੂਰ ਨਹੀਂ ਜਦੋਂ ਰੋਬੋਟ ਵੀ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ

**ਵਿਜੈ ਗਰਗ**

ਚੀਨ ਇੱਕ ਅਨੋਖੀ ਤਕਨੀਕ ਵਿਕਸਤ ਕਰ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਰੋਬੋਟ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ। ਜੀ ਹਾਂ, ਇੱਕ ਚੀਨੀ ਤਕਨਾਲੋਜੀ ਕੰਪਨੀ ਨੇ ਇੱਕ ਅਜਿਹਾ ਰੋਬੋਟ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ ਜੋ ਇੱਕ ਔਰਤ ਵਾਂਗ ਗਰਭਵਤੀ ਹੋਵੇਗਾ ਅਤੇ ਬੱਚੇ ਨੂੰ ਜਨਮ ਦੇਵੇਗਾ। ਚੀਨ ਦੀ ਕਾਵਾ ਤਕਨਾਲੋਜੀ ਦੇ ਸੰਸਥਾਪਕ ਅਤੇ ਸੀਈਓ ਝਾਂਗ ਚਿਫੇਂਗ ਦੇ ਅਨੁਸਾਰ, ਇਹ ਮਨੁੱਖੀ ਰੋਬੋਟ ਇੱਕ ਨਕਲੀ ਬੱਚੇਦਾਨੀ ਨਾਲ ਲੈਸ ਹੋਵੇਗਾ ਜਿਸ ਵਿੱਚ ਭਰੂਣ ਗਰਭ ਅਵਸਥਾ ਤੋਂ ਲੈ ਕੇ ਜਨਮ ਤੱਕ ਵਿਕਸਤ ਹੋ ਸਕੇਗਾ। ਇਸਦੀ ਕੀਮਤ 1 ਲੱਖ ਯੂਆਨ (ਲਗਭਗ 14 ਹਜ਼ਾਰ ਅਮਰੀਕੀ ਡਾਲਰ) ਤੋਂ ਘੱਟ ਰੱਖੀ ਜਾਵੇਗੀ ਅਤੇ ਇਹ ਅਗਲੇ ਇੱਕ ਸਾਲ ਵਿੱਚ ਬਾਜ਼ਾਰ ਵਿੱਚ ਉਪਲਬਧ ਹੋ ਸਕਦਾ ਹੈ। ਝਾਂਗ ਨੇ ਕਿਹਾ ਕਿ ਨਕਲੀ ਬੱਚੇਦਾਨੀ ਤਕਨਾਲੋਜੀ ਹੁਣ ਪੂਰੀ ਤਰ੍ਹਾਂ ਪਰਿਪੱਕ ਹੋ ਚੁੱਕੀ ਹੈ, ਅਤੇ ਇਸਨੂੰ ਰੋਬੋਟ ਦੇ ਪੇਟ ਵਿੱਚ ਫਿੱਟ ਕਰਨ ਨਾਲ, ਮਨੁੱਖਾਂ ਅਤੇ ਰੋਬੋਟਾਂ ਵਿਚਕਾਰ ਅਜਿਹਾ ਆਪਸੀ ਤਾਲਮੇਲ ਸੰਭਵ ਹੋਵੇਗਾ ਜੋ ਭਰੂਣ ਦੇ ਵਿਕਾਸ ਵੱਲ ਲੈ ਜਾਵੇਗਾ। ਇਹ ਪ੍ਰਣਾਲੀ ਇਨਕਿਊਬੇਟਰ ਤੋਂ ਵੱਖਰੀ ਹੋਵੇਗੀ, ਜਿੱਥੇ ਬੱਚੇਦਾਨੀ ਵਿੱਚ ਨਕਲੀ ਐਮਨੀਓਟਿਕ ਤਰਲ ਪਦਾਰਥ ਹੋਵੇਗਾ ਅਤੇ ਭਰੂਣ ਨੂੰ ਇੱਕ ਟਿਊਬ ਰਾਹੀਂ ਪੋਸ਼ਣ ਦਿੱਤਾ ਜਾਵੇਗਾ। ਇਨ੍ਹਾਂ ਲੋਕਾਂ ਨੂੰ ਹੋਵੇਗਾ ਫਾਇਦਾ ਇਹ ਤਕਨਾਲੋਜੀ ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਵਿਕਸਤ ਕੀਤੀ ਜਾ ਰਹੀ ਹੈ ਜੋ ਵਿਆਹ ਨਹੀਂ ਕਰਨਾ ਚਾਹੁੰਦੇ ਜਾਂ ਗਰਭ ਅਵਸਥਾ ਦੀ ਜੈਵਿਕ ਪ੍ਰਕਿਰਿਆ ਤੋਂ ਬਚਣਾ ਚਾਹੁੰਦੇ ਹਨ। ਝਾਂਗ ਦੇ ਅਨੁਸਾਰ, ਇਹ ਪ੍ਰੋਜੈਕਟ ਆਬਾਦੀ ਵਿੱਚ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੰਪਨੀ ਨੇ ਇਸ 'ਤੇ ਗੁਆਂਗਡੋਂਗ ਸੂਬੇ ਦੇ ਅਧਿਕਾਰੀਆਂ ਨਾਲ ਫੋਰਮ ਆਯੋਜਿਤ ਕੀਤੇ ਹਨ ਅਤੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ 'ਤੇ ਨੀਤੀਗਤ ਪ੍ਰਸਤਾਵ ਵੀ ਪੇਸ਼ ਕੀਤੇ ਹਨ। 2015 ਵਿੱਚ ਸਥਾਪਿਤ ਕਾਇਵਾ ਤਕਨਾਲੋਜੀ ਪਹਿਲਾਂ ਹੀ ਬਹੁਤ ਸਾਰੇ ਸੇਵਾ ਅਤੇ ਰਿਸੈਪਸ਼ਨ ਰੋਬੋਟ ਬਣਾ ਚੁੱਕੀ ਹੈ। ਸਮਰਥਨ ਅਤੇ ਵਿਰੋਧ ਬਹੁਤ ਸਾਰੇ ਲੋਕ ਝਾਂਗ ਦੇ ਇਸ ਪ੍ਰੋਜੈਕਟ ਦਾ ਸਮਰਥਨ ਕਰ ਰਹੇ ਹਨ। ਕੁਝ ਲੋਕਾਂ ਨੇ ਇਸਨੂੰ ਔਰਤਾਂ ਲਈ ਗਰਭ ਅਵਸਥਾ ਦੇ ਸਰੀਰਕ ਬੋਝ ਨੂੰ ਖਤਮ ਕਰਨ ਲਈ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਜੇਕਰ ਕੀਮਤ ਕਿਫਾਇਤੀ ਹੈ, ਤਾਂ ਉਹ ਇਸਨੂੰ ਤੁਰੰਤ ਖਰੀਦਣਗੇ। ਇਸ ਦੇ ਨਾਲ ਹੀ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨੁੱਖੀ ਨੈਤਿਕਤਾ ਦੇ ਵਿਰੁੱਧ ਹੈ ਅਤੇ ਮਾਂ ਨਾਲ ਜੁੜੇ ਬਿਨਾਂ ਭਰੂਣ ਦਾ ਜਨਮ 'ਜ਼ਾਲਮ' ਹੋਵੇਗਾ। ਜੇਕਰ ਇਹ ਪ੍ਰੋਜੈਕਟ ਸਫਲ ਹੁੰਦਾ ਹੈ, ਤਾਂ ਬਾਂਝਪਨ ਤੋਂ ਪੀੜਤ ਲੋਕ ਵੀ ਬੱਚੇ ਪੈਦਾ ਕਰ ਸਕਣਗੇ। ਇਨ੍ਹਾਂ ਲੋਕਾਂ ਨੂੰ ਹੋਵੇਗਾ ਫਾਇਦਾ ਇਹ ਤਕਨਾਲੋਜੀ ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਵਿਕਸਤ ਕੀਤੀ ਜਾ ਰਹੀ ਹੈ ਜੋ ਵਿਆਹ ਨਹੀਂ ਕਰਨਾ ਚਾਹੁੰਦੇ ਜਾਂ ਗਰਭ ਅਵਸਥਾ ਦੀ ਜੈਵਿਕ ਪ੍ਰਕਿਰਿਆ ਤੋਂ ਬਚਣਾ ਚਾਹੁੰਦੇ ਹਨ। ਝਾਂਗ ਦੇ ਅਨੁਸਾਰ, ਇਹ ਪ੍ਰੋਜੈਕਟ ਆਬਾਦੀ ਵਿੱਚ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੰਪਨੀ ਨੇ ਇਸ 'ਤੇ ਗੁਆਂਗਡੋਂਗ ਸੂਬੇ ਦੇ ਅਧਿਕਾਰੀਆਂ ਨਾਲ ਫੋਰਮ ਆਯੋਜਿਤ ਕੀਤੇ ਹਨ ਅਤੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ 'ਤੇ ਨੀਤੀਗਤ ਪ੍ਰਸਤਾਵ ਵੀ ਪੇਸ਼ ਕੀਤੇ ਹਨ। 2015 ਵਿੱਚ ਸਥਾਪਿਤ, ਕਾਵਾ ਤਕਨਾਲੋਜੀ ਪਹਿਲਾਂ ਹੀ ਬਹੁਤ ਸਾਰੇ ਸੇਵਾ ਅਤੇ ਰਿਸੈਪਸ਼ਨ ਰੋਬੋਟ ਬਣਾ ਚੁੱਕੀ ਹੈ। ਸਮਰਥਨ ਅਤੇ ਵਿਰੋਧ ਬਹੁਤ ਸਾਰੇ ਲੋਕ ਝਾਂਗ ਦੇ ਇਸ ਪ੍ਰੋਜੈਕਟ ਦਾ ਸਮਰਥਨ ਕਰ ਰਹੇ ਹਨ। ਕੁਝ ਲੋਕਾਂ ਨੇ ਇਸਨੂੰ ਔਰਤਾਂ ਲਈ ਗਰਭ ਅਵਸਥਾ ਦੇ ਸਰੀਰਕ ਬੋਝ ਨੂੰ ਖਤਮ ਕਰਨ ਲਈ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਜੇਕਰ ਕੀਮਤ ਕਿਫਾਇਤੀ ਹੈ, ਤਾਂ ਉਹ ਇਸਨੂੰ ਤੁਰੰਤ ਖਰੀਦਣਗੇ। ਇਸ ਦੇ ਨਾਲ ਹੀ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨੁੱਖੀ ਨੈਤਿਕਤਾ ਦੇ ਵਿਰੁੱਧ ਹੈ ਅਤੇ ਮਾਂ ਨਾਲ ਜੁੜੇ ਬਿਨਾਂ ਭਰੂਣ ਦਾ ਜਨਮ 'ਜ਼ਾਲਮ' ਹੋਵੇਗਾ। ਜੇਕਰ ਇਹ ਪ੍ਰੋਜੈਕਟ ਸਫਲ ਹੁੰਦਾ ਹੈ, ਤਾਂ ਬਾਂਝਪਨ ਤੋਂ ਪੀੜਤ ਲੋਕ ਵੀ ਬੱਚੇ ਪੈਦਾ ਕਰ ਸਕਣਗੇ। ਚੀਨ ਵਿੱਚ ਬਾਂਝਪਨ ਵਧ ਰਿਹਾ ਹੈ ਚੌਸੁਨ ਬਿਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਚੀਨ ਵਿੱਚ ਬਾਂਝਪਨ ਦਰ 2007 ਵਿੱਚ 11.9% ਤੋਂ ਵੱਧ ਕੇ 2020 ਵਿੱਚ 18% ਹੋ ਗਈ ਹੈ। ਬੀਜਿੰਗ ਅਤੇ ਸ਼ੰਘਾਈ ਵਰਗੇ ਸ਼ਹਿਰ ਹੁਣ ਮੈਡੀਕਲ ਬੀਮੇ ਦੇ ਤਹਿਤ ਨਕਲੀ ਗਰਭਧਾਰਨ ਅਤੇ 9:6 ਨੂੰ ਕਵਰ ਕਰ ਰਹੇ ਹਨ। 2022 ਵਿੱਚ, ਜਿਆਂਗਸੂ ਪ੍ਰਾਂਤ ਦੇ ਸੁਜ਼ੌ ਇੰਸਟੀਚਿਊਟ ਆਫ਼ ਬਾਇਓਮੈਡੀਕਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੇ ਇੱਕ ਏਆਈ-ਅਧਾਰਤ 'ਨੈਨੀ ਰੋਬੋਟ' ਵਿਕਸਤ ਕੀਤਾ ਜੋ ਇੱਕ ਨਕਲੀ ਬੱਚੇਦਾਨੀ ਵਿੱਚ ਭਰੂਣ ਦੀ ਨਿਗਰਾਨੀ ਅਤੇ ਦੇਖਭਾਲ ਕਰਦਾ ਸੀ। ਹਾਲਾਂਕਿ, ਚੀਨੀ ਕਾਨੂੰਨ ਦੋ ਹਫ਼ਤਿਆਂ ਤੋਂ ਵੱਧ ਸਮੇਂ ਲਈ ਨਕਲੀ ਬੱਚੇਦਾਨੀ ਵਿੱਚ ਮਨੁੱਖੀ ਭਰੂਣਾਂ ਨੂੰ ਵਧਾਉਣ 'ਤੇ ਪਾਬੰਦੀ ਲਗਾਉਂਦਾ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਭਰਤਗੜ੍ਹ ਬਲਾਕ ਡੇਂਗੂ-ਮੁਕਤ : ਸਿਹਤ ਵਿਭਾਗ ਤੇ ਲੋਕਾਂ ਦੀ ਸਾਂਝੀ ਕਾਮਯਾਬੀ

ਕਿਰਤਪੁਰ ਸਾਹਿਬ, (ਲੋਕ ਬਾਣੀ : ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਦੇ ਦ੍ਰਿੜ੍ਹ ਨਿਰਦੇਸ਼ਾਂ ਅਧੀਨ ਸਿਹਤ ਵਿਭਾਗ ਪੰਜਾਬ ਵੱਲੋਂ ਡੇਂਗੂ ਰੋਕਥਾਮ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਦਾ ਨਤੀਜਾ ਹੈ ਕਿ ਇਸ ਸਾਲ ਬਲਾਕ ਭਰਤਗੜ੍ਹ ਵਿੱਚ ਡੇਂਗੂ ਦਾ ਇਕ ਵੀ ਕੇਸ ਸਾਹਮਣੇ ਨਹੀਂ ਆਇਆ। ਸਿਵਲ ਸਰਜਨ ਰੂਪਨਗਰ ਡਾ. ਬਲਵਿੰਦਰ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਦੀ ਅਗਵਾਈ ਹੇਠ ਹੈਲਥ ਵਰਕਰਾਂ ਨੇ ਹੈਲਥ ਸੁਪਰਵਾਇਜ਼ਰਾਂ ਪਾਲ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਵਿਵੇਕ ਕੁਮਾਰ, ਅਵਤਾਰ ਸਿੰਘ ਅਤੇ ਜਗਦੀਸ਼ ਸਿੰਘ ਦੀ ਦੇਖ-ਰੇਖ ਹੇਠ ਘਰ-ਘਰ ਜਾ ਕੇ ਪਾਣੀ ਦੇ ਬਰਤਨਾਂ ਦੀ ਜਾਂਚ ਕੀਤੀ, ਕੰਟੇਨਰ ਸਰਵੇ, ਐਂਟੀ ਲਾਰਵਾ ਛਿੜਕਾਅ ਅਤੇ ਲੋਕਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ। ਇਸ ਮੁਹਿੰਮ ਵਿੱਚ ਪਿੰਡ ਪੱਧਰ 'ਤੇ ਲਗਾਤਾਰ ਸਫਾਈ, ਢੁਕਵੇਂ ਕੂੜਾ ਪ੍ਰਬੰਧਨ, ਬਿਨਾਂ ਲੋੜ ਦੇ ਪਾਣੀ ਦੇ ਇਕੱਠ ਨੂੰ ਖਤਮ ਕਰਨਾ ਅਤੇ ਲੋਕਾਂ ਨੂੰ ਆਪਣੇ ਆਸ-ਪਾਸ ਸਾਫ ਸੁਥਰਾ ਰੱਖਣ ਲਈ ਪ੍ਰੇਰਿਤ ਕਰਨਾ ਸ਼ਾਮਲ ਹੈ। ਡਾ. ਆਨੰਦ ਘਈ ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਡੇਂਗੂ ਜਿਹੀ ਖਤਰਨਾਕ ਬਿਮਾਰੀ ਤੋਂ ਬਚਾਅ ਸਿਰਫ਼ ਦਵਾਈਆਂ ਨਾਲ ਨਹੀਂ ਹੋ ਸਕਦਾ, ਸਗੋਂ ਲੋਕਾਂ ਦੀ ਜਾਗਰੂਕਤਾ ਅਤੇ ਸਹਿਯੋਗ ਸਭ ਤੋਂ ਵੱਡੀ ਦਵਾਈ ਹੈ।



# ਹੜ੍ਹ ਪੀੜ੍ਹਤਾਂ ਲਈ 2 ਟਰੱਕ ਰਾਸ਼ਨ ਬਰਨਾਲਾ ਤੋਂ ਰਵਾਨਾ : ਵਿਧਾਇਕ ਉੱਗੋਕੇ, ਚੇਅਰਮੈਨ ਭੰਗੂ

## ਹੜ੍ਹ ਪੀੜ੍ਹਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ

ਬਰਨਾਲਾ, ( ਗੋਇਲ) ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ - ਨਿਰਦੇਸ਼ਾਂ ਤਹਿਤ ਸੂਬੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਲਈ ਰਾਹਤ ਕਾਰਜ ਚੱਲ ਰਹੇ ਹਨ। ਇਸੇ ਤਹਿਤ ਅੱਜ ਮਾਰਕੀਟ ਕਮੇਟੀ ਦਫ਼ਤਰ ਬਰਨਾਲਾ ਤੋਂ ਵਿਧਾਇਕ ਸ. ਲਾਭ ਸਿੰਘ ਉੱਗੋਕੇ ਅਤੇ ਚੇਅਰਮੈਨ ਮਾਰਕੀਟ ਕਮੇਟੀ ਅਤੇ ਯੋਜਨਾ ਬੋਰਡ ਸ. ਪਰਮਿੰਦਰ ਸਿੰਘ ਭੰਗੂ ਦੀ ਅਗਵਾਈ ਹੇਠ 2 ਟਰੱਕ ਰਾਸ਼ਨ ਕਿੱਟਾਂ ਦੇ ਜ਼ਿਲ੍ਹਾ ਫਿਰੋਜ਼ਪੁਰ ਲਈ ਰਵਾਨਾ ਕੀਤੇ ਗਏ। ਇਸ ਮੌਕੇ ਮੀਡੀਆ ਨਾਲ ਗੱਲ ਕਰਦੇ ਹੋਏ ਵਿਧਾਇਕ ਸ. ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਭਾਰੀ ਮਾਰ ਝੱਲ ਰਿਹਾ ਹੈ ਜਿਸ ਨਾਲ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਦੇ ਮੱਦੇਨਜ਼ਰ ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਰਨਾਲਾ ਵਲੋਂ 1000 ਰਾਸ਼ਨ ਕਿੱਟ ਫਿਰੋਜ਼ਪੁਰ ਲਈ ਅੱਜ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਆਪਣੇ ਇਕ ਮਹੀਨੇ ਦੀ ਤਨਖ਼ਾਹ ਸਰਕਾਰੀ ਖ਼ਜ਼ਾਨੇ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਜਮ ?ਹਾਂ ਕਰਾਉਣਗੇ। ਇਸ ਮੌਕੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ ਨੇ ਕਿਹਾ ਕਿ ਇਸ ਵੇਲੇ ਦਾਨੀ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ।



# ਸਮਾਜ ਸੇਵੀ ਭਗਵਾਨ ਦਾਸ ਗੁਪਤਾ ਨੇ ਲੋੜਵੰਦ ਵਿਦਿਆਰਥੀ ਜਸਵੀਰ ਸਿੰਘ ਦੀ ਡਿਪਲੋਮਾ ਫੀਸ ਦਿੱਤੀ

ਪਟਿਆਲਾ (ਲੋਕ ਬਾਣੀ)-ਗੈਰ ਸਰਕਾਰੀ ਸੰਸਥਾਂ ਸੋਸ਼ਲ ਅਵੇਰਨੈੱਸ ਟਰੈਡਜ਼ ਹੁੱਕ (ਸਾਥ) ਅਤੇ ਡ ?ਰੀਮ ?ਸ ਆਫ਼ ਸੋਸ਼ਲ ਟ ?ਰੈਡਜ਼ (ਦੋਸਤ) ਦੇ ਸੰਸਥਾਪਕ ਮੋਟੀਵੇਸਨਲ ਸਪੀਕਰ ਉੱਘੇ ਸਮਾਜਸੇਵੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਤੇ ਡਿਪਟੀ ਡਿਸਟ੍ਰਿਕਟ ਗਵਰਨਰ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਨੇ ÷ ਗੋਇੰਗ ਨੂੰ ਸਕੂਲ ਕੇਅਰ ਫ਼ਾਰ ਸੀਨੀਅਰ ÷ ?ਮੁਹਿੰਮ ? ਤਹਿਤ ਇੱਕ ਹੁਸਿਆਰ ਪਰੰਤੂ ਆਰਥਿਕ ਤੌਰ ਤੇ ਕਮਜੋਰ ਵਿਦਿਆਰਥੀ ਜਸਵੀਰ ਸਿੰਘ ਦੀ ਸਰਕਾਰੀ ਪੋਲੀਟੈਕਨਿਕ ਕਾਲਜ ਦੇ ਦੂਜੇ ਸਾਲ ਦੀ ਪੂਰੀ ਦਾਖਲਾ ਫੀਸ ਅਦਾ ਕੀਤੀ। ਜਸਵੀਰ ਸਿੰਘ ਪੁੱਤਰ ਕੰਵਲਜੀਤ ਸਿੰਘ ਨੇ ਇਸ ਸਾਲ ਸਰਕਾਰੀ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਤੋਂ 92 ਪ੍ਰਤੀਸ਼ਤ ਅੰਕਾਂ ਨਾਲ ਪਲੱਸ ਟੂਅ ਵੋਕੇਸ਼ਨਲ ਪਾਸ ਕੀਤੀ ਸੀ। ਓਹ ਡਿਪਲੋਮਾ ਕਰਨਾ ਚਾਹੁੰਦਾ ਸੀ ਤੇ ਪੜਨ ਵਿੱਚ ਬਹੁਤ ਹੀ ਹੁਸਿਆਰ ਪਰ ਆਰਥਿਕ ਤੌਰ ਤੇ ਕਮਜੋਰ ਹੋਣ ਕਾਰਨ ਪੌਲੀਟੈਕਨਿਕ ਕਾਲਜ ਦੀ ਫੀਸ ਭਰਨ ਤੋਂ ਅਸਮਰਥ ਸੀ। ਇਸ ਬਾਰੇ ਸਰਕਾਰੀ ਪੌਲੀਟੈਕਨਿਕ ਕਾਲਜ ਦੇ ਡੀਨ ਪ੍ਰੋਫੈਸਰ ਨਰਿੰਦਰ ਸਿੰਘ ਢੀਂਡਸਾ ਸਾਬਕਾ ਸੈਕਟਰੀ ਰੌਟਰੀ ਕਲੱਬ ਪਟਿਆਲਾ ਮਿਡ ਟਾਊਨ ਨੇ ਸਾਥ ਸੰਸਥਾਂ ਨਾਲ ਸੰਪਰਕ ਕੀਤਾ। ਸਮਾਜ ਸੇਵੀ ਭਗਵਾਨ ਦਾਸ ਗੁਪਤਾ ਨੇ ਤੁਰੰਤ ਕਾਲਜ ਪਹੁੰਚਕੇ ਉਸਦੀ ਬਣਦੀ ਫੀਸ 7150/- ਰੁਪਏ ਆਨਲਾਈਨ ਭਰ ਦਿੱਤੀ ।



# ਮਾਡਲਿੰਗ ਖੇਤਰ ਦਾ ਉਭਰਦਾ ਸਿਤਾਰਾ-ਸਹਿਰਾਨ ਕਾਲਰਾ

ਜਲੰਧਰ ( ਲੋਕ ਬਾਣੀ ) ਅੱਜ ਦੇ ਨਵੇਂ ਯੁੱਗ ਵਿੱਚ ਹਰੇਕ ਸਿੰਗਰ ਦਾ ਗਾਣਾ ਸੁਣਨ ਦਾ ਨਹੀਂ ਬਲਕਿ ਹੁਣ ਦੇਖਣ ਦਾ ਹੋ ਗਿਆ ਹੈ । ਗੀਤ ਫਿਲਮਾਕਣ ਦੌਰਾਨ , ਲਿਖੇ ਹੋਏ ਕੰਨਸੈਪਕਟ ਵਿੱਚ ਮਾਡਲਿੰਗ ਕਰਨ ਵਾਲੇ ਲੜਕੀ , ਲੜਕਾ ਆਪੋ ਆਪਣਾ ਅਭਿਨੈ ਕਰਦੇ ਹਨ । ਉਹ ਆਪਣੀ ਪ੍ਰਤਿਭਾ ਨਾਲ , ਜਿੱਥੇ ਉਹ ਗੀਤ ਨੂੰ ਚਾਰ ਚੰਨ ਲਾ ਦਿੰਦੇ ਹਨ । ਨਾਲ ਹੀ ਉਹ ਆਪਣੀ ਵੱਖਰੀ ਇਮੇਜ਼ ਵੀ ਬਣਾ ਲੈਂਦੇਂ ਹਨ ।ਅਜਿਹੀਆਂ ਅਨੇਕਾਂ ਉਦਾਹਰਣਾਂ ਹਨ । ਜਿਨ੍ਹਾਂ ਚੋਂ ਕਈ ਮਾਡਲ ਪਰਫੈਸ਼ਨਲ ਬਣੇ, ਫਿਲਮਾਂ ਵਿੱਚ ਆਏ। ਇੱਥੇ ਅਸੀਂ ਗੱਲ 7"2 ਨਗਰ ਜਲੰਧਰ ਦੇ ਜੰਮਪਲ ਸਹਿਰਾਨ ਕਾਲਰਾ ਦੀ ਕਰਾਂਗੇ ।ਜੋ ਬੇਹੱਦ ਹੈਂਡਸੰਮ , ਟੇਲੈਂਟਿਡ ਅਤੇ ਵੈਲ ਐਯੂਕੇਟਿਡ ਹੈ । ਐਂਕਰ ਬਲਦੇਵ ਰਾਹੀ ਨੇ ਦੱਸਿਆ ਕਿ ਸਹਿਰਾਨ , ਪਿਤਾ ਸ੍ਰੀ ਅਸ਼ੋਕ ਕਾਲਰਾ ਅਤੇ ਮਾਤਾ ਸ੍ਰੀਮਤੀ ਸੰਧਿਆ ਕਾਲਰਾ ਦਾ

**ਉਹ ਆਪਣੀ ਪ੍ਰਤਿਭਾ ਨਾਲ ਗੀਤ ਨੂੰ ਚਾਰ ਚੰਨ ਲਾ ਦਿੰਦੇ ਹਨ**

ਹੋਣਹਾਰ ਤੇ ਲਾਡਲਾ ਸਪੁੱਤਰ ਹੈ ।ਉਸ ਨੇ ਪੰਜਾਬੀ ਤੇ ਰਾਸ਼ਟਰੀ ਚੈਨਲਾਂ ਤੇ ਆ ਰਹੇ ਸੀਰੀਅਲਾਂ ਵਿੱਚ ਆਪਣੇ ਫੰਨ ਦਾ ਮੁਜ਼ਾਹਰਾ ਕੀਤਾ ਹੈ । ਉਸ ਦੀ ਅਦਾਕਾਰੀ ਕਰਕੇ, ਉਸਦੀ ਕਾਫ਼ੀ ਪਹਿਚਾਣ ਬਣੀ ਹੈ ।ਉਹ ਆਉਣ ਵਾਲੇ ਚੰਦ ਕੁ ਦਿਨਾਂ ਵਿੱਚ ਇੰਟਰਨੈਸ਼ਨਲ ਸਟਾਰ ਸਿੰਗਰ ਸੁਰਿੰਦਰ ਲਾਡੀ ਦੇ ਗਾਏ ਅਤੇ ਗੀਤਕਾਰ ਸੁਖਪਾਲ ਔਜਲਾ ਦੇ ਲਿਖੇ, ਇੱਕ ਬਹੁਤ ਵੱਡੇ ਪ੍ਰੋਜੈਕਟ " ਲਵ ਬੈਰੀਅਰ "ਵਿੱਚ ਬਤੌਰ ਹੀਰੋ ਆ ਰਿਹਾ ਹੈ । ਵਰਨਣਯੋਗ ਹੈ ਕਿ ਉਸ ਦੇ ਮਸ਼ਹੂਰ ਮਾਡਲ ਸ਼ਿਵਾਨੀ ਸਾਧਿਕ ਦਿਖਾਈ ਦੇਵੇਗੀ । ਵੱਖ-ਵੱਖ ਚੈਨਲਾਂ ਤੇ ਦਰਸ਼ਕ ਇਸ ਖੂਬਸੂਰਤ ਗੀਤ ਨੂੰ ਦੇਖਣਗੇ ।

# ਕਾਨਪੁਰ ਵਿੱਚ ਤੇਜ਼ ਰਫ਼ਤਾਰ ਨੇ ਦੋ ਹੋਰ ਲੋਕਾਂ ਦੀ ਜਾਨ ਲੈ ਲਈ, ਤਿੰਨ ਦੀ ਹਾਲਤ ਗੰਭੀਰ ਹੈ

ਸੁਨੀਲ ਬਾਜਪਾਈ, ਕਾਨਪੁਰ। ਇੱਥੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ ਦੀ ਆਦਤ ਲਗਾਤਾਰ ਲੋਕਾਂ ਦੀ ਬੇਵਕਤੀ ਮੌਤ ਦਾ ਕਾਰਨ ਬਣ ਰਹੀ ਹੈ। ਲੋਕ ਸੜਕਾਂ 'ਤੇ ਬਹੁਤ ਤੇਜ਼ ਰਫ਼ਤਾਰ ਨਾਲ ਆਪਣੀਆਂ ਕਾਰਾਂ ਚਲਾਉਂਦੇ ਹਨ, ਜਿਸ ਕਾਰਨ ਅਕਸਰ ਕੋਈ ਨਾ ਕੋਈ ਇਸ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਮਰ ਜਾਂਦਾ ਹੈ। ਕੁੱਲ ਮਿਲਾ ਕੇ, ਤੇਜ਼ ਰਫ਼ਤਾਰ ਦੇ ਰੂਪ ਵਿੱਚ ਮੌਤ ਹਰ ਰੋਜ਼ ਲੋਕਾਂ ਦੀਆਂ ਜਾਨਾਂ ਨਿਗਲ ਰਹੀ ਹੈ। ਇਸੇ ਤਰ੍ਹਾਂ ਦੀ ਇੱਕ ਘਟਨਾ ਵਿੱਚ, ਇੱਕ ਤੇਜ਼ ਰਫ਼ਤਾਰ ਕਾਰ ਨੇ ਦੋ ਲੋਕਾਂ ਦੀ ਜਾਨ ਲੈ ਲਈ, ਜਦੋਂ ਕਿ ਤਿੰਨ ਲੋਕ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਹ ਘਟਨਾ ਕਕਵਾਂ ਥਾਣਾ ਖੇਤਰ ਵਿੱਚ ਵਾਪਰੀ, ਜਿੱਥੇ ਬਿਲਹੌਰ ਜਾ ਰਹੇ ਇੱਕ ਆਟੋ ਨੂੰ ਵੀਰਵਾਰ ਸਵੇਰੇ ਚੰਦੇਤਾਲ ਪਿੰਡ ਦੇ ਮੋੜ 'ਤੇ ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਨੇ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਆਟੋ ਸਵਾਰ ਦੋ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਯਾਤਰੀ ਜ਼ਖਮੀ ਹੋ ਗਏ। ਸੂਚਨਾ 'ਤੇ ਪੁਲਿਸ ਅਤੇ ਐਂਬੂਲੈਂਸ ਪਹੁੰਚੀ ਅਤੇ ਮੁੱਢਲੀ ਸਹਾਇਤਾ ਤੋਂ ਬਾਅਦ ਸਾਰੇ ਜ਼ਖਮੀਆਂ ਨੂੰ ਹਸਪਤਾਲ ਭੇਜ ਦਿੱਤਾ, ਜਦੋਂ ਕਿ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਤੋਂ ਬਾਅਦ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਜਾ ਰਿਹਾ ਹੈ।



# ਸਾਉਣੀ ਸੀਜ਼ਨ ਦੇ ਸਬੰਧ ਵਿੱਚ ਜ਼ਿਲ੍ਹਾ ਮੰਡੀ ਅਫ਼ਸਰ ਵਲੋਂ ਸਕੱਤਰ ਮਾਰਕੀਟ ਕਮੇਟੀਆਂ ਨਾਲ ਮੀਟਿੰਗ

## ਮੰਡੀਆਂ ਵਿੱਚ ਪ੍ਰਬੰਧ ਸਮੇਂ ਸਿਰ ਕਰਨ ਦੀ ਹਦਾਇਤ

ਬਰਨਾਲਾ, (ਗੋਇਲ)-ਜ਼ਿਲ੍ਹਾ ਮੰਡੀ ਅਫ਼ਸਰ ਵਲੋਂ ਜ਼ਿਲ੍ਹੇ ਦੀਆਂ ਮਾਰਕੀਟ ਕਮੇਟੀਆਂ ਦੇ ਸਕੱਤਰਾਂ ਨਾਲ ਮੀਟਿੰਗ ਕੀਤੀ ਗਈ।

ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਸ. ਬੀਰਇੰਦਰ ਸਿੰਘ ਸਿੱਧੂ ਨੇ ਜ਼ਿਲ੍ਹੇ ਵਿੱਚ ਪੈਂਦੀਆਂ ਮਾਰਕਿਟ ਕਮੇਟੀਆਂ ਬਰਨਾਲਾ, ਧਨੌਲਾ, ਤਪਾ, ਭਦੌੜ ਤੇ ਮਹਿਲ ਕਲਾਂ ਦੇ ਸਕੱਤਰਾਂ ਨਾਲ ਸਾਉਣੀ ਸੀਜ਼ਨ 2025 ਸਬੰਧੀ ਵਿਚਾਰਾਂ ਕੀਤੀਆਂ। ਮੀਟਿੰਗ ਵਿੱਚ ਜ਼ਿਲ੍ਹਾ ਮੰਡੀ ਅਫ਼ਸਰ ਵਲੋਂ ਦੱਸਿਆ ਗਿਆ ਕਿ ਪਹਿਲਾਂ 1 ਅਕਤੂਬਰ ਤੋਂ ਝੋਨੇ ਦੀ ਖ਼ਰੀਦ ਸ਼ੁਰੂ ਹੁੰਦੀ ਸੀ, ਇਸ ਵਾਰ ਮਾਨਯੋਗ ਸਕੱਤਰ ਬੋਰਡ ਵੱਲੋਂ ਕੀਤੀ ਮੀਟਿੰਗ ਅਨੁਸਾਰ 16 ਸਤੰਬਰ ਤੋਂ ਪਹਿਲਾਂ ਪ੍ਰਬੰਧ ਮੁਕੰਮਲ ਕਰਨ ਦੀਆਂ ਹਦਾਇਤਾ ਜਾਰੀ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ ਸਾਲ 8,38,793 ਐੱਮ.ਟੀ ਝੋਨੇ ਦੀ ਫ਼ਸਲ ਦੀ ਆਮਦ ਹੋਈ ਸੀ। ਉਨ੍ਹਾਂ ਸਮੂਹ ਸਕੱਤਰਾ ਨੂੰ ਹਦਾਇਤ ਕੀਤੀ ਕਿ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਪੀ.ਏ.ਯੂ ਲੁਧਿਆਣਾ ਤੋਂ ਮੁਆਇਸ਼ਚਰ ਮੀਟਰ ਕੈਲੀਵਿਰੇਸ਼ਨ ਕਰਵਾਉਣ ਨੂੰ ਯਕੀਨੀ ਬਣਾਉਣਗੇ ਅਤੇ ਜੇਕਰ ਕਿਸੇ ਖ ?ਰੀਦ ਕੇਂਦਰ ਵਿੱਚ ਬਾਰਿਸ਼ ਦੇ ਮੌਸਮ ਦੌਰਾਨ ਪਾਣੀ ਖੜ ਗਿਆ ਹੋਵੇ ਤਾ ਉਸਨੂੰ ਤੁਰੰਤ ਕਢਵਾ ਦਿੱਤਾ ਜਾਵੇ ਅਤੇ ਸਾਉਣੀ ਸੀਜਨ ਦੌਰਾਨ ਮੰਡੀਆਂ ਵਿੱਚ ਬਿਜਲੀ, ਸਫਾਈ ਅਤੇ ਪੀਣ ਵਾਲੇ ਪਾਣੀ ਦੇ ਪੁਖਤਾ ਪ੍ਰਬੰਧ ਕਰਨ ਨੂੰ ਯਕੀਨੀ ਬਣਾਇਆ ਜਾਵੇ।



# ਮੇਜਰ ਧਿਆਨਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ

ਬਰਨਾਲਾ, (ਗੋਇਲ)-ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਭਾਰਤੀ ਹਾਕੀ ਦੇ ਦਿੱਗਜ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ 29 ਅਗਸਤ ਨੂੰ ਹਰ ਸਾਲ ਰਾਸ਼ਟਰੀ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮੇਰਾ ਯੁਵਾ ਭਾਰਤ (ਐਮ.ਵਾਈ. ਭਾਰਤ) ਜ਼ਿਲ੍ਹਾ ਬਰਨਾਲਾ ਵੱਲੋਂ ਜ਼ਿਲ੍ਹਾ ਯੂਥ ਅਫ਼ਸਰ ਮੈਡਮ ਆਭਾ ਸੋਨੀ ਦੀ ਪ੍ਰਧਾਨਗੀ ਹੇਠ ਗੁਰਦੇਵ ਫੁੱਟਬਾਲ ਅਕੈਡਮੀ ਧਨੌਲਾ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਖੇਡ ਸਮਾਗਮ ਕਰਾਇਆ ਗਿਆ। ਇਸ ਸਬੰਧੀ ਮੈਡਮ ਆਭਾ ਸੋਨੀ ਨੇ ਦੱਸਿਆ ਕਿ ਸਾਰੇ ਖਿਡਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਧਨੌਲਾ ਵਿਖੇ ਇਕੱਤਰ ਹੋਏ। ਉਨ੍ਹਾਂ ਦੱਸਿਆ ਕਿ ਇਸ ਸਮਾਰੋਹ ਦਾ ਮੁੱਖ ਉਦੇਸ਼ ਨੌਜਵਾਨਾਂ




ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ, ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਮੇਜਰ ਧਿਆਨ ਚੰਦ ਦੀ ਯਾਦ ਨੂੰ ਤਾਜ਼ਾ ਕਰਨਾ ਸੀ। ਇਸ ਦਿਨ ਨੂੰ ਰਾਸ਼ਟਰੀ ਖੇਡ ਦਿਵਸ ਦੇ ਤੌਰ 'ਤੇ ਸਾਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਸਾਰਿਆਂ ਨੇ ਮੇਜਰ ਧਿਆਨਚੰਦ ਜੀ ਨੂੰ ਸ਼ਰਧਾਂਜਲੀ ਦੇ ਫੁੱਲ ਅਰਪਣ ਕੀਤੇ, ਓਨ੍ਹਾਂ ਦੀ ਯਾਦ ਵਿਚ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਅਤੇ ਗੁਰਦੇਵ ਫੁੱਟਬਾਲ ਅਕੈਡਮੀ ਦੀ ਟੀਮ ਨੇ ਮੇਜਰ ਧਿਆਨ ਚੰਦ ਟਰਾਫੀ ਜਿੱਤੀ। ਕੋਚ ਕ੍ਰਿਪਾਲ ਗਿੱਲ ਅਤੇ ਕੋਚ ਗੁਰਮੇਲ ਨੀਟੂ ਨੇ ਖਿਡਾਰੀਆਂ ਨੂੰ ਮੇਜਰ ਧਿਆਨਚੰਦ ਜੀ ਦੀਆਂ ਮਹਾਨ ਉਪਲੱਬਧੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਗੁਰਦੇਵ ਫੁੱਟਬਾਲ ਅਕੈਡਮੀ ਦੀ ਸਾਰੀ ਮੈਨੇਜਮੈਂਟ ਅਤੇ ਸਾਰੇ ਸੀਨੀਅਰ ਖਿਡਾਰੀ ਵੀ ਹਾਜ਼ਰ ਰਹੇ।

# ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕੇਂਦਰਾਂ ਵਿਚ ਕਰਵਾਈ ਜਾ ਰਹੀ ਹੈ ਫੋਗਿੰਗ

**ਮੱਛਰ ਆਦਿ ਤੋਂ ਨਾ ਫੈਲੇ ਬਿਮਾਰੀ, ਰਖਿਆ ਜਾ ਰਿਹੈ ਖਾਸ ਧਿਆਨ**

ਫਾਜ਼ਿਲਕਾ (ਰਾਜ ਅਰੋੜਾ ਪ੍ਰਵੀਨ ਕੁਮਾਰ)-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿਥੇ ਰਾਹਤ ਕੇਂਦਰਾਂ ਵਿਚ ਖਾਣ-ਪੀਣ, ਰਹਿਣ-ਸਹਿਣ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ, ਦੇ ਨਾਲ-ਨਾਲ ਲੋਕਾਂ ਨੂੰ ਡੇਂਗੂ ਆਦਿ ਬਿਮਾਰੀਆਂ ਤੋਂ ਬਚਾਉਣ ਲਈ ਫੋਗਿੰਗ ਕੀਤੀ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਜੋ ਲੋਕ ਰਾਹਤ ਕੇਂਦਰਾਂ ਵਿਚ ਪਹੁੰਚੇ ਹਨ ਉਨ੍ਹਾਂ ਦੀਆਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਜਰੂਰਤਾਂ ਪੂਰੀ ਕਰਨ ਦੇ ਨਾਲ-ਨਾਲ ਮੱਛਰ ਆਦਿ ਤੋਂ ਲੋਕਾਂ ਨੂੰ ਬਚਾਉਣ ਲਈ ਲਗਾਤਾਰ ਫੋਗਿੰਗ ਕਰਵਾਈ ਜਾ ਰਹੀ ਹੈ ਤਾਂ ਜੋ ਲੋਕ, ਬਜ਼ੁਰਗ ਤੇ ਬਚੇ ਸਿਹਤ ਪੱਖੋਂ ਤੰਦਰੁਸਤ ਰਹਿਣ। ਉਨ੍ਹਾਂ ਕਿਹਾ ਕਿ ਫੋਗਿੰਗ ਕਰਵਾਉਣ ਦੇ ਨਾਲ-ਨਾਲ ਮੱਛਰਦਾਨੀ ਆਦਿ ਵੀ ਲੋਕਾਂ ਨੂੰ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਅਗਾਊਂ ਤੌਰ *ਤੇ ਲੋਕ ਧਿਆਨ ਰੱਖਣ।

# ਲੱਕੀ ਡਰਾਅ (ਪਰਾਲੀ) ਲਈ ਅਪਲਾਈ ਕਰਨ ਦੀ ਤਰੀਕ ਵਿਚ ਵਾਧਾ: ਡਿਪਟੀ ਕਮਿਸ਼ਨਰ

**15 ਸਤੰਬਰ ਤੱਕ ਅਪਲਾਈ ਕਰ ਸਕਦੇ ਹਨ ਕਿਸਾਨ**

ਬਰਨਾਲਾ, (ਗੋਇਲ) ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਪਰਾਲੀ ਦਾ ਖੇਤਾਂ ਵਿਚ ਨਿਬੇੜਾ ਕਰਨ ਵਾਲੇ ਕਿਸਾਨਾਂ ਲਈ ਲੱਕੀ ਡਰਾਅ-2025 (ਪਰਾਲੀ) ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਅਪਲਾਈ ਕਰਨ ਦੀ ਆਖਰੀ ਮਿਤੀ 31 ਅਗਸਤ ਸੀ, ਜਿਸ ਵਿੱਚ ਹੁਣ 15 ਸਤੰਬਰ ਤੱਕ ਵਾਧਾ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਬਰਨਾਲਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਲੱਕੀ ਡਰਾਅ ਵਿੱਚ 1,00,000 ਰੁਪਏ ਦਾ ਇਨਾਮ ਰੱਖਿਆ ਗਿਆ ਹੈ, ਜੋ ਕਿ 25 ਜੇਤੂਆਂ ਵਿੱਚ ਵੰਡਿਆ ਜਾਵੇਗਾ। ਇਸ ਵਿੱਚ ਪਹਿਲਾਂ ਇਨਾਮ 20,000 ਰੁਪਏ, ਦੂਸਰਾ ਇਨਾਮ 15,000 ਰੁਪਏ, ਤੀਸਰਾ ਇਨਾਮ 10,000 ਰੁਪਏ ਤੇ ਬਾਕੀ ਇਨਾਮ ਹੋਰ ਕਿਸਾਨਾਂ ਵਿੱਚ ਵੰਡਿਆ ਜਾਵੇਗਾ। ਡਿਪਟੀ ਕਮਿਸ਼ਨਰ ਬਰਨਾਲਾ ਨੇ ਕਿਹਾ ਕਿ ਇਸ ਲਈ ਇੱਕ ਲਿੰਕ ਅਤੇ ਕਿਊ ਆਰ ਕੋਡ ਜਾਰੀ ਕੀਤਾ ਗਿਆ ਹੈ, ਜਿਸ ਰਾਹੀਂ ਕਿਸਾਨ ਇਸ ਲੱਕੀ ਡਰਾਅ ਲਈ ਅਪਲਾਈ ਕਰ ਸਕਦੇ ਹਨ।ਇਸ ਲਿੰਕ ਨੂੰ ਪ੍ਰਾਪਤ ਕਰਨ ਲਈ 7973975463 ਤੇ ਵਟਸਐਪ ਰਾਹੀਂ ਲਿੰਕ ਪ੍ਰਾਪਤ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਬਰਨਾਲਾ ਨੇ ਦੱਸਿਆ ਕਿ



ਇਹ ਮੁਹਿੰਮ ਜ਼ਿਲ੍ਹਾ ਬਰਨਾਲਾ ਵਿੱਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਕਰਨ ਲਈ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦਾ ਸੁੱਚਜਾ ਪ੍ਰਬੰਧਨ ਕਰਨ ਲਈ ਇਹ ਮੁਹਿੰਮ ਅਹਿਮ ਰੋਲ ਅਦਾ ਕਰੇਗੀ। ਬਰਨਾਲਾ ਜ਼ਿਲ੍ਹੇ ਦੇ ਕਿਸਾਨ ਲੱਕੀ ਡਰਾਅ (ਪਰਾਲੀ) ਲਈ 31 ਤੱਕ ਅਪਲਾਈ ਕਰ ਸਕਦੇ ਸਨ ਹੁਣ ਇਸ ਵਿੱਚ ਹੁਣ 15 ਸਤੰਬਰ 2025 ਤੱਕ ਅਪਲਾਈ ਕਰ ਸਕਦੇ ਹਨ।

# ਮੀਂਹ ਤੋਂ ਪ੍ਰਭਾਵਿਤ ਇਲਾਕਿਆਂ 'ਚ ਕੀਤੀਆਂ ਡੇਂਗੂ, ਮਲੇਰੀਆ ਤੋਂ ਬਚਾਅ ਲਈ ਗਤੀਵਿਧੀਆਂ : ਸਿਵਲ ਸਰਜਨ

ਬਰਨਾਲਾ, ( ਗੋਇਲ)- ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਤੇ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਬਰਸਾਤ ਦਾ ਮੌਸਮ ਹੋਣ ਕਾਰਨ ਜਿਹੜੇ ਇਲਾਕਿਆਂ 'ਚ ਮੀਂਹ ਦਾ ਪਾਣੀ ਖੜ੍ਹਾ ਹੈ ਉੱਥੇ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਗਤੀਵਿਧੀਆਂ ਜਾਰੀ ਹਨ। ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਬਰਸਾਤ ਦੇ ਮੌਸਮ 'ਚ ਮੀਂਹ ਦਾ ਪਾਣੀ ਗਲੀਆਂ ਨਾਲੀਆਂ ਵਿੱਚ ਇਕੱਠਾ ਹੋਣ ਕਾਰਨ ਅਤੇ ਘਰਾਂ, ਦੁਕਾਨਾਂ, ਹੋਰ ਥਾਵਾਂ 'ਤੇ ਗਮਲੇ, ਕੂਲਰ, ਟਾਇਰ, ਘੜੇ, ਫਰਿੱਜ਼ ਦੀ ਬੈਕ ਟਰੇਅ, ਖੇਲਾਂ ਆਦਿ ਵਿੱਚ



ਜ਼ਿਆਦਾ ਦਿਨ ਪਾਣੀ ਖੜ੍ਹ ਜਾਣ ਕਾਰਨ ਮੱਛਰ ਪੈਦਾ ਹੋ ਜਾਂਦਾ ਹੈ ਜਿਸ ਕਾਰਨ ਡੇਂਗੂ, ਮਲੇਰੀਆ ਫੈਲਦਾ ਹੈ। ਮਲੇਰੀਆ ਡੇਂਗੂ ਤੋਂ ਬਚਾਅ ਲਈ ਖੜ੍ਹੇ ਪਾਣੀ ਦੇ ਸੋਮੇ ਨਸ਼ਟ ਕਰਕੇ ਜਾਂ ਕਾਲਾ ਤੇਲ ਪਾ ਕੇ ਹਫ਼ਤੇ 'ਚ ਇੱਕ ਦਿਨ ਸਿਹਤ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਖੁਸ਼ਕ ਦਿਨ (ਡਰਾਈ ਡੇ ਫਰਾਈ ਡੇ) ਵਜੋਂ ਮਨਾ ਕੇ ਸਾਰੇ ਪਾਣੀ ਵਾਲੇ ਬਰਤਨਾਂ ਨੂੰ ਸੁਕਾਉਣਾ ਚਾਹੀਦਾ ਹੈ। ਗੁਰਮੇਲ ਸਿੰਘ ਢਿੱਲੋਂ ਅਤੇ ਸੁਰਿੰਦਰ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਜੇਕਰ ਕਿਸੇ ਨੂੰ ਕਾਂਬੇ ਨਾਲ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਮਾਸ ਪੇਸ਼ੀਆਂ 'ਚ ਦਰਦ, ਸਰੀਰ 'ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮੂੰਹ ਚੋਂ ਖੂਨ ਆਉਣਾ ਆਦਿ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ। ਉਹਨਾਂ ਦੱਸਿਆ ਬਰਨਾਲਾ ਸ਼ਹਿਰ 'ਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਫੌਜੀ ਬਸਤੀ, ਮੋਰਾਂ ਵਾਲੀ ਗਲੀ, ਆਕਾਲਗੜ ਬਸਤੀ ਅਤੇ ਸਲੱਮ ਏਰੀਏ 'ਚ ਲਾਰਵਾ ਚੈੱਕ ਕੀਤਾ ਗਿਆ ਜਿਸ ਜਗ ?ਹਾ 'ਤੇ ਲਾਰਵਾ ਮਿਲਿਆ ਤਾਂ ਤੁਰੰਤ ਲਾਰਵੀਸਾਈਡ ਦਾ ਸਪਰੇਅ ਕਰਵਾ ਕੇ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਨੂੰ ਦੱਸਿਆ ਕਿ ਘਰ-ਘਰ ਜਾ ਕੇ, ਸਲੱਮ ਏਰੀਆ, ਸੱਥਾਂ, ਸਕੂਲਾਂ 'ਚ ਜਾ ਕੇ ਅਤੇ ਗਰੁੱਪ ਮੀਟਿੰਗਾਂ, ਪੈਂਫਲੈਟ ਵੰਡ ਕੇ ਅਤੇ ਮਾਸ ਮੀਡੀਆ ਵਿੰਗ ਵੱਲੋਂ ਪ੍ਰੈਸ ਕਵਰੇਜ਼ ਕਰਵਾ ਕੇ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

# 3 ਪੀਬੀ (ਜੀ) ਬੀਐਨ ਐਨਸੀਸੀ ਲੁਧਿਆਣਾ ਨੇ ਕਾਲਜਾਂ ਅਤੇ ਪਿੰਡਾਂ ਵਿੱਚ ਉਤਸ਼ਾਹੀ ਅਤੇ ਪ੍ਰਭਾਵਸ਼ਾਲੀ ਗਤੀਵਿਧੀਆਂ ਦੀ ਲੜੀ ਦਾ ਆਯੋਜਨ ਕੀਤਾ

ਲੁਧਿਆਣਾ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) 3 ਪੀਬੀ (ਜੀ) ਬੀਐਨ ਐਨਸੀਸੀ ਲੁਧਿਆਣਾ ਨੇ ਐਸਡੀਪੀ ਕਾਲਜ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ, ਅਤੇ ਸਰਕਾਰੀ ਕਾਲਜ ਫਾਰ ਵੂਮੈਨ, ਲੁਧਿਆਣਾ ਵਿਖੇ ਖੇਡ ਦਿਵਸ ਸਮਾਰੋਹਾਂ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਨ੍ਹਾਂ ਸਮਾਗਮਾਂ ਵਿੱਚ ਕੈਡਿਟਾਂ ਦੀ ਜੀਵੰਤ ਭਾਗੀਦਾਰੀ ਦੇਖਣ ਨੂੰ ਮਿਲੀ, ਜਿਨ੍ਹਾਂ ਨੇ ਕਈ ਤਰ੍ਹਾਂ ਦੀਆਂ ਪ੍ਰਤੀਯੋਗੀ ਗਤੀਵਿਧੀਆਂ ਰਾਹੀਂ ਆਪਣੀ ਐਥਲੈਟਿਕ ਪ੍ਰਤਿਭਾ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਜਸ਼ਨਾਂ ਦੌਰਾਨ ਪੈਦਾ ਹੋਈ ਦੋਸਤੀ ਅਤੇ ਅਨੁਸ਼ਾਸਨ ਦੀ ਭਾਵਨਾ ਐਨਸੀਸੀ ਦੇ ਮੁੱਖ ਮੁੱਲਾਂ ਨੂੰ ਦਰਸਾਉਂਦੀ ਹੈ, ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ ਅਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ। ਵਾਤਾਵਰਣ ਸਥਿਰਤਾ ਪ੍ਰਤੀ ਸਮਰਪਿਤ ਯਤਨ ਵਿੱਚ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ ਦੇ ਕੈਡਿਟਾਂ ਨੇ ਪਿੰਡ ਝਮੇਰੀ ਸਮੇਤ ਚਾਰ ਪਿੰਡਾਂ ਵਿੱਚ ਇੱਕ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ, ਜਿੱਥੇ ਸਰਪੰਚ ਕੁਲਦੀਪ ਕੌਰ ਦੁਆਰਾ ਪੌਦੇ ਲਗਾਉਣ ਦਾ




ਉਦਘਾਟਨ ਕੀਤਾ ਗਿਆ। ਇਸ ਪਹਿਲਕਦਮੀ ਦਾ ਉਦੇਸ਼ ਵਾਤਾਵਰਣ ਸੰਭਾਲ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਸਥਾਨਕ ਭਾਈਚਾਰਿਆਂ ਦੀ ਸਰਗਰਮ ਭਾਗੀਦਾਰੀ ਸ਼ਾਮਲ ਕਰਨਾ ਸੀ, ਜਿਸ ਵਿੱਚ ਜੰਗਲਾਤ ਅਤੇ ਹਰੇ ਭਰੇ ਜੀਵਨ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨਾ ਸੀ। ਇਸ ਤੋਂ ਇਲਾਵਾ, ਜੀਐਚਜੀ ਖਾਲਸਾ ਕਾਲਜ, ਗੁਰੂਸਰ, ਸੁਧਾਰ ਵਿਖੇ ਜੀਐਚਜੀ ਖਾਲਸਾ ਕਾਲਜ ਗੁਰੂਸਰ, ਸੁਧਾਰ ਅਤੇ ਸਵਾਮੀ ਗੰਗਾ ਗਿਰੀ ਜਨਤਾ ਗਰਲਜ਼ ਕਾਲਜ ਦੇ ਕੈਡਿਟਾਂ ਲਈ ਫਾਇਰਿੰਗ ਅਭਿਆਸ ਸੈਸ਼ਨ ਕਰਵਾਇਆ ਗਿਆ। ਕਮਾਂਡਿੰਗ ਅਫਸਰ ਰਾਕੇਸ਼ ਸਿੰਘ ਚੌਹਾਨ ਦੀ ਮਾਹਰ ਨਿਗਰਾਨੀ ਹੇਠ, ਇਸ ਸੈਸ਼ਨ ਨੇ ਹਥਿਆਰਾਂ ਦੀ ਸੰਭਾਲ ਅਤੇ ਨਿਸ਼ਾਨੇਬਾਜ਼ੀ ਵਿੱਚ ਕੀਮਤੀ ਵਿਹਾਰਕ ਤਜਰਬਾ ਪ੍ਰਦਾਨ ਕੀਤਾ, ਜਿਸ ਨਾਲ ਭਾਗ ਲੈਣ ਵਾਲੇ ਕੈਡਿਟਾਂ ਦੇ ਆਤਮਵਿਸ਼ਵਾਸ ਅਤੇ ਅਨੁਸ਼ਾਸਨ ਵਿੱਚ ਕਾਫ਼ੀ ਵਾਧਾ ਹੋਇਆ।

# ਸ਼ਹਿਰ ਦੀ ਸਫਾਈ ਰੱਖਣ ਦੇ ਦਾਅਵੇ ਕਰਨ ਵਾਲਿਆਂ ਦੇ ਦਫਤਰ ਦੀ ਛੱਤ ਤੇ ਗੰਦਗੀ ਦੀ ਭਰਮਾਰ

**ਨਜ਼ਰ ਅੰਦਾਜ਼ ਕਰਨ ਕਰਕੇ ਛੱਤ ਤੇ ਬਣਿਆ ਘਾਹ ਅਤੇ ਹੋਰ ਬੂਟੀਆਂ ਦਾ ਜੰਗਲ**

ਅੰਮ੍ਰਿਤਸਰ, (ਲੋਕ ਬਾਣੀ)- ਲੋਕਾਂ ਦੇ ਪਲਾਟਾਂ ਦੇ ਵਿੱਚ ਪਈ ਗੰਦਗੀ ਨੂੰ ਦੇਖ ਕੇ ਨਗਰ ਨਿਗਮ ਦੇ ਸਿਹਤ ਵਿਭਾਗ ਵੱਲੋਂ ਚਲਾਨ ਕੱਟ ਕੇ ਪਲਾਟਾਂ ਦੇ ਮਾਲਿਕਾਂ ਨੂੰ ਦਿੱਤੇ ਜਾ ਰਹੇ ਹਨ। ਲੋਕਾਂ ਦੇ ਪਲਾਟਾਂ ਦੇ ਵਿੱਚ ਗੰਦਗੀ ਨੂੰ ਹਟਾਉਣ ਲਈ ਮਸ਼ੀਨਰੀ ਦੀ ਖਰਚ ਅਤੇ ਖਪਤ ਮੁਤਾਬਿਕ ਹਰਜ਼ਾਨਾ ਲਿਆ ਜਾ ਰਿਹਾ ਹੈ। ਪਰ ਨਗਰ ਨਿਗਮ ਦੇ ਵਿੱਚ ਪੈ ਰਹੀ ਗੰਦਗੀ ਦੇ ਹਰਜਾਨੇ ਲਈ ਜ਼ਿੰਮੇਵਾਰ ਕੌਣ ਹੋਵੇਗਾ। ਰਣਜੀਤ ਐਵਨਿਊ ਸਥਿਤ ਨਗਰ ਨਿਗਮ ਦੇ ਮੁੱਖ ਦਫਤਰ ਦੀ ਬਹੁ ਮੰਜਿਲਾਂ ਇਮਾਰਤ ਦੀ ਛੱਤ ਦੀ ਗੱਲ ਕਰੀਏ ਤਾਂ ਛੱਤ ਉੱਪਰ ਗੰਦਗੀ ਦੇ ਰੂਪ ਵਿੱਚ ਜੰਮੀਆਂ ਕਾਈ ਅਤੇ ਮਿੱਟੀ ਦੀਆਂ ਪਾਪੜੀਆਂ ਸਮੇਤ ਘਾਹ ਅਤੇ ਹੋਰ ਪੌਦਿਆਂ ਦਾ ਫੈਲਿਆ ਜੰਗਲ ਇਮਾਰਤ ਦੀ ਮਿਆਦ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਘਾਹ ਤੇ ਹੋਰ ਬੂਟੀਆਂ ਦੀਆਂ ਜੜਾਂ ਕਰਕੇ ਛੱਤ ਦੇ ਕਮਜ਼ੋਰ ਹੋਣ ਦਾ ਡਰ ਬਣ ਰਿਹਾ ਹੈ। ਸ਼ਹਿਰ



ਵਾਸੀਆਂ ਦੇ ਨਾਲ ਗੰਦਗੀ ਸਮੇਟਣ ਦੇ ਕੀਤੇ ਜਾ ਰਹੇ ਦਾਅਵੇ ਅਤੇ ਵਾਅਦਿਆਂ ਦੀ ਪੋਲ ਤਾਂ ਆਏ ਦਿਨ ਲੋਕਾਂ ਦੇ ਸਾਹਮਣੇ ਖੁੱਲਦੀ ਨਜ਼ਰ ਆਉਂਦੀ ਰਹਿੰਦੀ ਹੈ।

# ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਪ੍ਰਭਾਵਿਤ ਇਲਾਕਿਆ ਦੇ ਲੋਕਾਂ ਦੀ ਸਿਹਤ ਪ੍ਰਤੀ ਵੀ ਸੁਚੇਤ, ਪਿੰਡਾਂ/ ਢਾਣੀਆਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ ਦਵਾਈਆਂ

## ਬਿਮਾਰੀ ਆਦਿ ਦੇ ਫੈਲਾਅ ਨੂੰ ਰੋਕਣ ਲਈ ਲੋਕਾਂ ਨੂੰ ਅਗਾਊ ਪਰਹੇਜ ਰੱਖਣ ਦੀ ਅਪੀਲ

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)-ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਹੜ੍ਹ ਪ੍ਰਭਾਵਿਤ ਇਲਾਕਿਆ ਦੇ ਲੋਕਾਂ ਦੀ ਸਿਹਤ ਪ੍ਰਤੀ ਵੀ ਚਿੰਤਿਤ ਹੈ, ਇਸ ਤਹਿਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਿੰਡਾਂ ਤੇ ਢਾਣੀਆਂ ਦੇ ਲੋਕਾਂ ਨੂੰ ਮੈਡੀਕਲ ਟੀਮਾਂ ਵੱਲੋਂ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਿੰਡਾਂ ਤੇ ਢਾਣੀਆਂ ਵਿਚ ਪਾਣੀ ਆਉਣ ਕਰਕੇ ਡੇਂਗੂ ਆਦਿ ਹੋਰ ਬਿਮਾਰੀ ਫੈਲਣ ਦਾ ਡਰ ਰਹਿੰਦਾ ਹੈ, ਇਸ ਕਰਕੇ ਸਿਹਤ ਵਿਭਾਗ ਦੇ ਕਰਮਚਾਰੀ ਸਿਰ ਦਰਦ, ਬੁਖਾਰ ਆਦਿ ਹੋਰ ਲੋੜੀਂਦੀਆਂ ਦਵਾਈਆਂ ਲੋਕਾਂ ਤੱਕ ਪੁਜਦੀਆਂ ਕਰ ਰਹੇ ਹਨ। ਪ੍ਰਸ਼ਾਸਨਿਕ ਅਧਿਕਾਰੀਆ ਵੱਲੋਂ ਰਾਹਤ ਕੇਂਦਰਾਂ ਵਿਖੇ ਤਾਂ ਲੋਕਾਂ ਨੂੰ ਦਵਾਈਆਂ ਦੀ ਵੰਡ ਕੀਤੀ ਜਾ ਹੀ ਰਹੀ ਹੈ ਸਗੋਂ ਜੋ ਲੋਕ ਪਿੰਡਾਂ ਵਿਚ ਹੀ ਹਨ ਉਨ੍ਹਾਂ ਤੱਕ ਵੀ ਮੈਡੀਕਲ ਟੀਮਾਂ ਪਹੁੰਚ ਕੇ ਉਨ੍ਹਾਂ ਦਾ ਹਾਲ-ਚਾਲ ਜਾਣ ਰਹੀਆਂ ਹਨ ਤੇ ਲੋੜੀਂਦਾ ਇਲਾਜ ਦੇ ਰਹੀਆਂ ਹਨ। ਆਲੇ-ਦੁਆਲੇ ਜਿਆਦਾ ਦੇਰ ਪਾਣੀ ਇਕੱਠਾ ਹੋਣ ਨਾਲ ਕਈ ਵਾਰ ਬਿਮਾਰੀਆਂ ਦਾ ਖਤਰਾ ਪੈਦਾ ਹੋ ਜਾਂਦਾ ਹੈ, ਇਸ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਅਗਾਊ ਤੌਰ *ਤੇ ਮੁਸਤੈਦ ਹੋ ਕੇ ਲੋਕਾਂ ਦੀ ਸਿਹਤ ਦਾ ਖਿਆਲ ਰੱਖ ਰਿਹਾ ਹੈ। ਇਸ ਤੋਂ ਇਲਾਵਾ ਜੇ ਕਿਸੇ ਦੀ ਤਬੀਅਤ ਵਿਗੜਦੀ ਹੈ ਤਾਂ ਉਸਨੂੰ ਸੁਰੱਖਿਅਤ ਥਾਂ *ਤੇ ਲਿਆ ਕੇ ਉਸਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਉਚੇਚੀ ਨਿਗਰਾਨੀ ਵਿੱਚ ਡਾਕਟਰ ਸੁਨੀਤਾ ਕੰਬੋਜ਼ ਜ਼ਿਲ੍ਹਾ ਐਪੀਡੀਮੋਲੋਜਿਸਟ ਦੀ ਦੇਖ ਰੇਖ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਗਰੂਕਤਾ ਅਤੇ ਸਾਵਧਾਨੀਆਂ ਰੱਖ ਕੇ ਹੀ ਡੇਂਗੂ ਦੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ।



# ਜਿਲਾ ਪ੍ਰਸ਼ਾਸਨ ਵੱਲੋਂ ਮਨੁੱਖਾਂ ਦੇ ਨਾਲ ਨਾਲ ਜਾਨਵਰਾਂ ਦੀ ਵੀ ਕੀਤਾ ਜਾ ਰਿਹਾ ਹੈ ਰੈਸਕਿਊ

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)- ਜਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਜਿੱਥੇ ਹੜ ਪ੍ਰਭਾਵਿਤ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਨੁੱਖੀ ਆਬਾਦੀ ਨੂੰ ਕਿਸ਼ਤੀਆਂ ਅਤੇ ਟਰੈਕਟਰ ਟਰਾਲੀਆਂ ਰਾਹੀਂ ਰੈਸਕਿਊ ਕਰਕੇ ਰਾਹਤ ਕੈਂਪਾਂ ਵਿੱਚ ਭੇਜਿਆ ਜਾ ਰਿਹਾ ਹੈ ਉੱਥੇ ਹੀ ਜਾਨਵਰਾਂ ਨੂੰ ਵੀ ਸੁਰੱਖਿਤ ਬਾਹਰ ਕੱਢਣ ਲਈ ਟੀਮਾਂ ਕੰਮ ਕਰ ਰਹੀਆਂ ਹਨ । ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਦੱਸਿਆ ਕਿ ਸੁੱਚਾ ਸਿੰਘ ਸਪੁੱਤਰ ਠਾਕਰ ਸਿੰਘ ਵਾਸੀ ਦੋਨਾ ਨਾਨਕਾ ਤੋਂ ਸੂਚਨਾ ਮਿਲੀ ਸੀ ਕਿ ਉਸਦੀ ਮੱਝ ਬਿਮਾਰ ਹੈ ਅਤੇ ਉਸਨੂੰ ਤੁਰੰਤ ਆਪਰੇਸ਼ਨ ਦੀ ਲੋੜ ਹੈ। ਜਿਸ ਤੇ ਪਸ਼ੂ ਪਾਲਣ ਵਿਭਾਗ ਦੀ ਟੀਮ ਵੱਲੋਂ ਡਿਪਟੀ ਡਾਇਰੈਕਟਰ ਮਨਦੀਪ ਸਿੰਘ ਦੀ ਦੇਖਰੇਖ ਹੇਠ ਟਰੈਕਟਰ ਟਰਾਲੀ ਰਾਹੀਂ ਇਸ ਮੱਝ ਨੂੰ ਹੜ ਪ੍ਰਭਾਵਿਤ ਖੇਤਰ ਤੋਂ ਬਾਹਰ ਸੁਰੱਖਿਤ ਲਿਆਂਦਾ ਅਤੇ ਉਸ ਤੋਂ ਬਾਅਦ ਇਸਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ। ਡਾ ਮਨਦੀਪ ਸਿੰਘ ਨੇ ਕਿਹਾ ਕਿ ਮੱਝ ਦੀ ਲੱਤ ਟੁੱਟੀ ਹੋਈ ਹੈ ਅਤੇ ਵਿਭਾਗ ਇਸਦਾ ਅਗਲੇਰਾ ਇਲਾਜ ਕਰ ਰਿਹਾ ਹੈ। ਉਹਨਾਂ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਹੁਣ ਤੱਕ ਸਰਹੱਦੀ ਪਿੰਡਾਂ ਵਿੱਚ 1404 ਜਾਨਵਰਾਂ ਨੂੰ ਮੈਡੀਕਲ ਸਹਾਇਤਾ ਮੁਹਈਆ ਕਰਵਾਈ ਗਈ ਹੈ।। ਦੂਜੇ ਪਾਸੇ ਸਰਹੱਦ ਤੇ ਤਾਇਨਾਤ ਬੀਐਸਐਫ ਦੇ ਸੂਈਏ ਕੁੱਤਿਆਂ ਨੂੰ ਵੀ ਐਨਡੀਆਰਐਫ ਦੀਆਂ ਟੀਮਾਂ ਦੇ ਮਾਰਫਤ ਸੁਰੱਖਿਤ ਬਾਹਰ ਕੱਢਿਆ ਗਿਆ ਹੈ।



# ਚੇਅਰਮੈਨ ਰਮਨ ਬਹਿਲ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ 850 ਰਾਸ਼ਨ ਕਿੱਟਾਂ ਵੰਡੀਆਂ

**ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਨਾਲ ਖੜੀ - ਰਮਨ ਬਹਿਲ**

ਗੁਰਦਾਸਪੁਰ, ( ਜਸਵਿੰਦਰ ਸਿੰਘ ) ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਅੱਜ ਪਿੰਡ ਚੱਗੂਵਾਲ, ਸਿੰਘੋਵਾਲ, ਅਲੂਨਾ, ਹਰਦੋਛੰਨੀ, ਕਮਾਲਪੁਰ ਅਫ਼ਗਾਨਾਂ, ਬਲੱਗਣ, ਹਰਦਾਨ, ਖੋਖਰ ਰਾਜਪੂਤਾ ਅਤੇ ਦਾਖਲਾ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਸ਼ਨ ਦੀਆਂ 850 ਕਿੱਟਾਂ ਵੰਡੀਆਂ ਗਈਆਂ ਇਸ ਮੌਕੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਧਰਵਾਸ ਦਿੰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦਾ ਅਸੀਂ ਸਾਰੇ ਮਿਲ ਕੇ ਸਾਹਮਣਾ ਕਰਾਂਗੇ ਅਤੇ ਜਲਦੀ ਹੀ ਇਸ ਸਭ ਵਿੱਚੋਂ ਉੱਭਰਾਂਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖ਼ੁਦ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਅਤੇ ਉਨ੍ਹਾਂ ਦਾ ਹੈਲੀਕਾਪਟਰ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮਗਰੀ ਪਹੁੰਚਾਅ ਰਿਹਾ ਹੈ।



# ਜ਼ਿਲ੍ਹਾ ਸਿੱਖਿਆ ਦਫਤਰ ਵੱਲੋਂ ਇੱਕ ਰੋਜ਼ਾ ਵਾਤਾਵਰਨ ਬਚਾਉਣ ਸਬੰਧੀ ਕਲਸਟਰ ਲੈਵਲ ਦੀ ਵਰਕਸ਼ਾਪ ਆਯੋਜਿਤ

ਸ੍ਰੀ ਮੁਕਤਸਰ ਸਾਹਿਬ - (ਜਸਵਿੰਦਰ ਪਾਲ ਸ਼ਰਮਾ) ਪੰਜਾਬ ਸਿੱਖਿਆ ਵਿਭਾਗ ਪੰਜਾਬ ਤੇ ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੀਆਂ ਗਾਈਡਲਾਈਨਜ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਗਾ (ਸੈ.ਸਿੱ.) ਸ੍ਰੀ ਮੁਕਤਸਰ ਸਾਹਿਬ ਜੀ ਦੀ ਅਗਵਾਈ ਹੇਠ 6 ਜ਼ਿਲ੍ਹਿਆਂ ਦੀ ਇੱਕ ਰੋਜ਼ਾ ਵਾਤਾਵਰਨ ਬਚਾਉਣ ਸਬੰਧੀ ਕਲਸਟਰ ਲੈਵਲ ਦੀ ਵਰਕਸ਼ਾਪ ਲਗਾਈ ਗਈ। ਜਿਸ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਮਾਨਸਾ, ਫਾਜ਼ਿਲਕਾ, ਫਿਰੋਜ਼ਪੁਰ, ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਨੇ ਭਾਗ ਲਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸੀ। ਇਸ ਵਰਕਸ਼ਾਪ ਵਿੱਚ ਹਰ ਜ਼ਿਲ੍ਹੇ ਵਿੱਚੋਂ ਲਗਭਗ 17 ਅਧਿਆਪਕ ਬੁਲਾਏ ਗਏ ਸਨ। ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲਜੀ ਚੰਡੀਗੜ੍ਹ ਦੇ ਜੋਇੰਟ ਡਾਇਰੈਕਟਰ ਡਾ. ਕੇ.ਐਸ. ਬਾਠ ਅਤੇ ਉਹਨਾਂ ਦੇ ਨਾਲ ਪ੍ਰੋਜੈਕਟ ਸਾਇੰਟਿਸਟ ਡਾ. ਮੰਦਾਕਨੀ ਵੱਲੋਂ ਵੀ ਸ਼ਿਰਕਤ ਕੀਤੀ ਗਈ। ਇਸ ਮੌਕੇ ਆਈ.ਪੀ.ਸੀ.ਏ. ਸੰਸਥਾ ਤੋਂ ਡਾ. ਗੀਨਾ ਚੱਡਾ ਜਿੰਨ੍ਹਾਂ ਨੇ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ ਅਤੇ ਸਾਰੇ ਆਏ ਹੋਏ ਅਧਿਆਪਕਾਂ ਨੂੰ ਵਾਤਾਵਰਨ ਪ੍ਰਤੀ ਵਧੀਆ ਢੰਗ ਨਾਲ ਜਾਗਰੂਕ ਕੀਤਾ। ਉਹਨਾਂ ਦੁਆਰਾ ਦਿਖਾਏ ਗਏ ਵੀਡੀਓਜ਼ ਬਹੁਤ ਹੀ ਸ਼ਲਾਘਾ ਯੋਗ ਸਨ। ਇਸ ਦੇ ਨਾਲ-ਨਾਲ ਪੰਜਾਬ ਈਕੋ ਹੈਕਥੋਨ ਦੇ ਲਾਂਚ ਨੂੰ ਲੈ ਕੇ ਪਾਈ ਜੈਮ ਫਾਊਂਡੇਸ਼ਨ ਦਿੱਲੀ ਤੋਂ ਸ਼੍ਰੀ ਵਿਸ਼ਾਲੀ ਅਤੇ ਸ਼੍ਰੀ ਬਿਊਟੀ ਸ਼ਰਮਾ ਨੇ ਵੀ ਵਧੀਆ ਢੰਗ ਨਾਲ ਆਪਣੀ ਭੂਮਿਕਾ ਨਿਭਾਈ ਅਤੇ ਪੂਰੇ ਆਡੀਟੋਰੀਅਮ ਨੂੰ ਬੰਨ ਕੇ ਰੱਖਿਆ।




# ਰਾਜ ਸਭਾ ਮੈਂਬਰ ਰਾਘਵ ਚੱਢਾ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

## ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮਗਰੀ ਵੰਡੀ ਤੇ ਉਨ੍ਹਾਂ ਦਾ ਹਾਲ ਜਾਣਿਆ

ਗੁਰਦਾਸਪੁਰ ( ਜਸਵਿੰਦਰ ਸਿੰਘ ) ਰਾਜ ਸਭਾ ਮੈਂਬਰ ਸ੍ਰੀ ਰਾਘਵ ਚੱਡਾ ਵੱਲੋਂ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਦੀਨਾਨਗਰ ਤੇ ਗੁਰਦਾਸਪੁਰ ਵਿਧਾਨ ਸਭਾ ਹਲਕਿਆਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਦੇ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮਗਰੀ ਤੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਅਤੇ ਉਨ੍ਹਾਂ ਦਾ ਹਾਲ ਜਾਣਿਆ ਰਾਜ ਸਭਾ ਮੈਂਬਰ ਸ੍ਰੀ ਰਾਘਵ ਚੱਡਾ ਨੇ ਕਿਹਾ ਕਿ ਸਾਡੇ ਪੰਜਾਬ ਦੇ ਕਈ ਹਿੱਸੇ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਬਹੁਤ ਸਾਰੇ ਪਰਿਵਾਰਾਂ ਦੇ ਘਰ ਡੁੱਬ ਗਏ ਹਨ, ਖੇਤ ਡੁੱਬ ਗਏ ਹਨ ਅਤੇ ਰੋਜ਼ੀ-ਰੋਟੀ ਠੱਪ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅੱਜ, ਮੈਂ ਸਥਿਤੀ ਦਾ ਜਾਇਜ਼ਾ ਲੈਣ ਅਤੇ ਪੰਜਾਬ ਦੇ ਲੋਕਾਂ ਨੂੰ ਜੋ ਵੀ ਸਹਾਇਤਾ ਮਿਲ ਸਕਦੀ ਹੈ, ਦੇਣ ਲਈ ਗੁਰਦਾਸਪੁਰ ਅਤੇ ਦੀਨਾਨਗਰ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਸਮੇਤ ਉਹ ਪ੍ਰਭਾਵਿਤ ਲੋਕਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਮਾਰ ਦੇ ਮਾਰੇ ਲੋਕਾਂ ਨੂੰ ਮੁੜ ਪੈਰਾਂ ਸਿਰ ਕਰਨ ਲਈ ਉਨ੍ਹਾਂ ਦਾ ਪੁਨਰਵਾਸ ਕੀਤਾ ਜਾਵੇਗਾ ਅਤੇ ਕਮਜ਼ੋਰ ਖੇਤਰਾਂ ਵਿੱਚ ਹੜ੍ਹ ਸੁਰੱਖਿਆ ਉਪਾਵਾਂ ਦੀ ਤਿਆਰੀ ਅਤੇ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਕਾਰਜਾਂ ਲਈ ਉਹ ਆਪਣੇ ਐੱਮ.ਪੀ.ਲੈਡ ਫ਼ੰਡ ਵਿੱਚੋਂ ਵੀ ਵੱਧ ਤੋਂ ਵੱਧ ਯੋਗਦਾਨ ਪਾਉਣਗੇ ਸ੍ਰੀ ਰਾਘਵ ਚੱਢਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੀ ਮਦਦ ਕਰਨਾ ਆਪਣਾ ਫ਼ਰਜ਼ ਸਮਝਦੀ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਬੈਂਕਰਜ਼ ਕਲੱਬ, ਚੰਡੀਗੜ੍ਹ ਵੱਲੋਂ ਸਾਈਬਰ ਸੁਰੱਖਿਆ ਜਾਗਰੂਕਤਾ ਵਾਕਾਥੌਨ

ਚੰਡੀਗੜ੍ਹ, (ਲੋਕ ਬਾਣੀ)= ਬੈਂਕਰਜ਼ ਕਲੱਬ, ਚੰਡੀਗੜ੍ਹ 31 ਅਗਸਤ, 2025 ਨੂੰ ਸਵੇਰੇ 6:15 ਵਜੇ ਸੁਖਨਾ ਝੀਲ ਵਿਖੇ ਇੱਕ ਸਾਈਬਰ ਸੁਰੱਖਿਆ ਜਾਗਰੂਕਤਾ ਵਾਕਾਥੌਨ ਦਾ ਆਯੋਜਨ ਕਰ ਰਿਹਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਨਾਗਰਿਕਾਂ ਨੂੰ ਸਾਈਬਰ ਸੁਰੱਖਿਆ, ਡਿਜੀਟਲ ਅਨੁਸ਼ਾਸਨ ਅਤੇ ਸੁਰੱਖਿਅਤ ਔਨਲਾਈਨ ਵਿਵਹਾਰ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਇਸ ਸਮਾਗਮ ਵਿੱਚ ਡਿਪਟੀ ਗਵਰਨਰ ਸ਼੍ਰੀ ਐਮ. ਰਾਜੇਸ਼ਵਰ ਰਾਓ ਅਤੇ ਕਾਰਜਕਾਰੀ ਨਿਰਦੇਸ਼ਕ, ਰਿਜ਼ਰਵ ਬੈਂਕ ਆਫ਼ ਇੰਡੀਆ, ਦੇ ਨਾਲ-ਨਾਲ ਸ਼੍ਰੀ ਲਲਿਤ ਤਨੇਜਾ, ਜਨਰਲ ਮੈਨੇਜਰ, ਪੰਜਾਬ ਨੈਸ਼ਨਲ ਬੈਂਕ ਅਤੇ ਸਕੱਤਰ, ਬੈਂਕਰਜ਼ ਕਲੱਬ, ਖੇਤਰ ਦੇ ਹੋਰ ਸੀਨੀਅਰ ਅਧਿਕਾਰੀ ਅਤੇ ਸੀਨੀਅਰ ਬੈਂਕਰ ਸ਼ਾਮਲ ਹੋਣਗੇ। ਇਸ ਮੌਕੇ 'ਤੇ ਬੋਲਦੇ ਹੋਏ, ਸ਼੍ਰੀ ਵਿਵੇਕ ਸ਼੍ਰੀਵਾਸਤਵ, ਪ੍ਰਧਾਨ, ਬੈਂਕਰਜ਼ ਕਲੱਬ ਅਤੇ ਖੇਤਰੀ ਨਿਰਦੇਸ਼ਕ, ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਕਿਹਾ, ÷ਅੱਜ ਦੇ ਡਿਜੀਟਲ ਯੁੱਗ ਵਿੱਚ, ਸਾਈਬਰ ਸੁਰੱਖਿਆ ਜਾਗਰੂਕਤਾ ਸਿਹਤ ਜਿੰਨੀ ਹੀ ਮਹੱਤਵਪੂਰਨ ਹੈ। ਇਸ ਵਾਕਾਥੌਨ ਰਾਹੀਂ, ਅਸੀਂ ਹਰ ਨਾਗਰਿਕ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਔਨਲਾਈਨ ਆਦਤਾਂ ਅਪਣਾਉਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਹਾਂ। ਬੈਂਕਰਜ਼ ਕਲੱਬ ਇਸ ਪਹਿਲਕਦਮੀ ਨੂੰ ਸਫਲ ਬਣਾਉਣ ਅਤੇ ਇੱਕ ਸੁਰੱਖਿਅਤ ਡਿਜੀਟਲ ਭਵਿੱਖ ਲਈ ਸਮੂਹਿਕ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।




# ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵਰਦਾਨ ਸਾਬਤ ਹੋਇਆ ਪੰਜਾਬ ਸਰਕਾਰ ਦਾ ਹੈਲੀਕਾਪਟਰ-ਚੇਅਰਮੈਨ ਰਜੀਵ ਸ਼ਰਮਾ

## ਮਕੌੜਾ, ਕਲਾਨੌਰ ਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚਾਈ ਰਾਹਤ ਸਮਗਰੀ ਚੇਅਰਮੈਨ ਰਾਜੀਵ ਸ਼ਰਮਾ




ਗੁਰਦਾਸਪੁਰ ( ਜਸਵਿੰਦਰ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਪੱਖੀ ਪਹੁੰਚ ਅਪਣਾਉਂਦੇ ਹੋਏ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਪਰਿਵਾਰਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਅਤੇ ਲੋਕਾਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਤੀਜੇ ਦਿਨ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ ਪੰਜਾਬ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਫਿਰ ਡੇਰਾ ਬਾਬਾ ਨਾਨਕ ਹਲਕੇ ਦੇ ਹੜ੍ਹ ਦੇ ਪਾਣੀ ਵਿੱਚ ਘਿਰੇ ਪਿੰਡ ਹਰੂਵਾਲ, ਪੱਖੋਕੇ, ਸਾਧਾਂਵਾਲੀ, ਮਾਨ, ਮਛਰਾਲਾ, ਕਾਲ ?ਂਵਾਲੀ, ਸਮਰਾਏ, ਖਲੀਲਪੁਰ, ਖੁਸ਼ਹਾਲਪੁਰ, ਜੌੜੀਆਂ ਕਲਾਂ, ਜੌੜੀਆਂ ਖੁਰਦ, ਮੋਹਲ ਨੰਗਲ, ਕੋਠਾ, ਅਬਦਾਲ, ਰੱਤਾ, ਵੈਰੋਕੇ, ਠੇਠਰਕੇ, ਖੋਦੇ ਬੇਟ, ਮੰਗੀਆਂ, ਧਰਮਕੋਟ ਰੰਧਾਵਾ, ਮਾਨਸੂਰ, ਤਲਵੰਡੀ ਹਿੰਦੂਆਂ, ਸਹਿਜ਼ਾਦਾ, ਘਣੀਏ-ਕੇ-ਬੇਟ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ, ਰੱਤੜ-ਛੱਤੜ, ਪੰਨਵਾਂ, ਧਰਮਾਬਾਦ, ਸਿੰਘਪੁਰਾ, ਬਹਿਲੋਪੁਰ, ਘੁੰਮਣ, ਚਾਕਾਂਵਾਲੀ, ਤਲਵੰਡੀ ਗੁਰਾਇਆ, ਚੌੜਾ ਅਤੇ ਖੁਸ਼ਹਾਲਪੁਰ ਦੇ ਵਸਨੀਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਇਸ ਦੇ ਨਾਲ ਹੀ ਹੈਲੀਕਾਪਟਰ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਵਿੱਚ ਘਿਰੇ ਪਿੰਡ ਮਕੌੜਾ, ਨਵੀਂ ਅਬਾਦੀ ਚੰਡੀਗੜ੍ਹ, ਮਰਾੜਾ, ਝਬਕਰਾ, ਚਿੱਠੀ, ਜੋਗਰ, ਸ਼ਮਸ਼ੇਰਪੁਰ, ਕਾਹਨਾ, ਜੈਨਪੁਰ, ਬਾਹਮਣੀ, ਦਬੁਰਜੀ, ਸ਼ਾਹਪੁਰ ਅਫ਼ਗਾਨਾ, ਦੁਗਰੀ, ਆਦੀ, ਇਸਲਾਮਪੁਰ, ਮਲੂਕ ਚੱਕ, ਠੁੰਡੀ, ਬਾਉਪੁਰ ਅਫ਼ਗਾਨਾ, ਸੰਗੋਰ, ਚਕਰੀ, ਸਲਾਚ, ਠੱਠੀ, ਓਗਰਾ, ਜੱਗੋ ਚੱਕ ਟਾਂਡਾ, ਚੱਕ ਰਾਜਾ, ਗਾਹਲੜੀ, ਸੰਦਲਪੁਰ, ਠਾਕੁਰਪੁਰ, ਜੀਵਨਪੁਰ ਅਤੇ ਕਜਲੇ ਵਿੱਚ ਵੀ ਰਾਹਤ ਸਮਗਰੀ ਪਹੁੰਚਾਈ ਗਈ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਹੈਲੀਕਾਪਟਰ ਰਾਹੀਂ ਰਾਹਤ ਸਮਗਰੀ ਪਹੁੰਚਾਉਣ ਮੌਕੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਾਜੀਵ ਸ਼ਰਮਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਹੈਲੀਕਾਪਟਰ ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵੱਡੀ ਰਾਹਤ ਬਣਿਆ ਹੋਇਆ ਹੈ।

# ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਫਾਜ਼ਿਲਕਾ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਖੰਨਾ ਤੋਂ ਪਸ਼ੂਆਂ ਲਈ ਫੀਡ ਦਾ ਭਰਿਆ ਟਰੱਕ ਰਵਾਨਾ ਕੀਤਾ

## ਹੜ੍ਹ ਪੀੜਤਾਂ ਲਈ ਵੱਡਾ ਸਰਕਾਰ ਦਾ ਵਡਾ ਉਪਰਾਲਾ

ਖੰਨਾ (ਤੇਜਿੰਦਰ ਸਿੰਘ ਆਰਟਿਸਟ), ਪੰਜਾਬ ਹੜ੍ਹ ਰਾਹਤ: ਮੰਤਰੀ ਸੌਂਦ ਵੱਲੋਂ ਫੀਡ ਭਰਿਆ ਟਰੱਕ ਪਸ਼ੂਆਂ ਲਈ ਰਵਾਨਾ ਕੀਤਾ ਉਹਨਾਂ ਕਿਹਾ ਕਿ ਇਕੱਠੇ ਹੋ ਕੇ ਹੀ ਅਸੀਂ ਜਿੱਤਾਂਗੇ। - ਮੰਤਰੀ ਸੌਂਦ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਮਾਨ ਖ਼ੁਦ ਕਰ ਰਹੇ ਹਨ ਨਿਗਰਾਨੀ ਸਰਕਾਰ ਵੱਲੋਂ ਨਿਰੰਤਰ ਮੱਦਦ ਜਾਰੀ ਹੈ ਦੱਸ ਦਈਏ ਕੀ ਉਦਯੋਗਪਤੀਆਂ ਅਤੇ ਸਰਕਾਰ ਦੀ ਸਾਂਝ - ਹੜ੍ਹ ਪੀੜਤਾਂ ਲਈ ਵੱਡਾ ਸਹਾਰਾ ਬਣੇਗੀ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਅਤੇ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਹੜ੍ਹ ਪ੍ਰਭਾਵਿਤ ਸਰਹੱਦੀ ਪਿੰਡਾਂ ਲਈ ਵੱਡਾ ਕਦਮ ਚੁੱਕਿਆ ਗਿਆ ਹੈ। ਬੀਤੀ ਰਾਤ ਖੰਨਾ ਤੋਂ ਪਸ਼ੂ ਧਨ ਲਈ ਫੀਡ ਨਾਲ ਭਰਿਆ ਟਰੱਕ ਫਾਜ਼ਿਲਕਾ ਜ਼ਿਲ੍ਹੇ ਵੱਲ ਰਵਾਨਾ ਕੀਤਾ ਗਿਆ। ਉਹਨਾਂ ਵੱਲੋਂ ਉਦਯੋਗਪਤੀਆਂ ਨੂੰ ਸੱਦਾ ਹੜ੍ਹ ਪੀੜਤਾਂ ਦਾ ਸਾਥ ਦਿਓ ਮੰਤਰੀ ਸੌਂਦ ਨੇ ਕਿਹਾ -ਪੰਜਾਬ ਇਸ ਵੇਲੇ ਹੜ੍ਹਾਂ ਦੀ ਵੱਡੀ ਮਾਰ ਨਾਲ ਜੂਝ ਰਿਹਾ ਹੈ। ਸਰਹੱਦੀ ਇਲਾਕਿਆਂ ਵਿੱਚ ਲੋਕਾਂ ਅਤੇ ਪਸ਼ੂਆਂ ਦੀ ਹਾਲਤ ਬਹੁਤ ਹੀ ਗੰਭੀਰ ਹੈ। ਇਸ ਸੰਕਟ ਵਿੱਚ ਹਰ ਪੰਜਾਬੀ ਦਾ ਫਰਜ ਹੈ ਕਿ ਉਹ ਅੱਗੇ ਆ ਕੇ ਮੱਦਦ ਕਰੇ।




# ਐਨ.ਆਈ.ਏ. ਪੰਚਕੂਲਾ ਨੇ ਰਾਸ਼ਟਰੀ ਖੇਡ ਦਿਵਸ ਮਨਾਇਆ

ਪੰਚਕੂਲਾ, (ਲੋਕ ਬਾਣੀ)- ਨੈਸ਼ਨਲ ਇੰਸਟੀਟਿਊਟ ਆਫ਼ ਆਯੁਰਵੇਦ (ਐਨ.ਆਈ.ਏ.), ਪੰਚਕੂਲਾ ਨੇ ਮੇਜਰ ਧਿਆਨ ਚੰਦ ਰਾਸ਼ਟਰੀ ਖੇਡ ਮਹੋਤਸਵ ਦੇ ਮੌਕੇ ਰਾਸ਼ਟਰੀ ਖੇਡ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ। ਸਮਾਗਮ ਦੀ ਸ਼ੁਰੂਆਤ ਪ੍ਰੋ: ਸਤੀਸ਼ ਗੰਧਰਵਾ, ਡੀਨ ਵੱਲੋਂ ਦੀਪਕ ਜਗਾ ਕੇ ਕੀਤੀ। ਇਸ ਸਮਾਗਮ ਵਿੱਚ ਡਾ: ਗੌਰਵ ਗਰਗ (ਡੀ.ਐੱਮ.ਐੱਸ. ਕੋਆਰਡੀਨੇਟਰ), ਪ੍ਰੋ: ਪ੍ਰਹਿਲਾਦ ਰਘੂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਵਾਲੀਬਾਲ, ਬੈਡਮਿੰਟਨ, ਕੈਰਮ ਅਤੇ ਸ਼ਤਰੰਜ ਸਮੇਤ ਵੱਖ-ਵੱਖ ਖੇਡ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਸਪੋਰਟਸ ਕਮੇਟੀ ਵੱਲੋਂ ਡਾ: ਸਮੀਤ ਮਸੰਦ ਦੇ ਵਿਸ਼ੇਸ਼ ਯਤਨਾਂ ਨਾਲ ਇਹ ਸਮਾਗਮ ਸਫ਼ਲਤਾਪੂਰਵਕ ਕਰਵਾਇਆ ਗਿਆ। ਇੰਸਟੀਟਿਊਟ ਵਲੋਂ ਮਾਣਯੋਗ ਵਾਈਸ ਚਾਂਸਲਰ ਪ੍ਰੋ. ਸੰਜੀਵ ਸ਼ਰਮਾ ਅਤੇ , ਪ੍ਰੋ. ਗੁਲਾਬ ਪਮਨਾਨੀ, ਡੀਨ ਦੇ ਮਾਰਗਦਰਸ਼ਨ ਅਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ।





# ਖੰਨਾ ਦੇ ਗੁਰੂ ਤੇਗ ਬਹਾਦੁਰ ਨਗਰ ਗਲੀ ਨੰਬਰ ਨੌ ਆਰ ਚ ਨਵੇਂ ਬਣ ਰਹੇ ਸ਼ਿਵ ਮੰਦਿਰ ਚ ਬਾਬਾ ਗਣਪਤੀ ਦੀ ਮਹਿਮਾ ਭਗਤ ਗਾ ਰਹੇ ਤੇਰੀ ਜੈ ਹੋ ਗਣੇਸ਼ ਤੇਰੀ ਜੈ ਹੋ ਗਣੇਸ਼

ਖੰਨਾ : (ਤੇਜਿੰਦਰ ਸਿੰਘ ਆਰਟਿਸਟ)-ਖੰਨਾ ਦੇ ਰੇਲਵੇ ਲਾਈਨ ਪਾਰ ਗੁਰੂ ਤੇਗ ਬਹਾਦੁਰ ਨਗਰ ਗਲੀ ਨੰਬਰ ਨੌ ਆਰ ਚ ਨਵੇਂ ਬਣ ਰਹੇ ਸ਼ਿਵ ਮੰਦਿਰ ਚ ਬਾਬਾ ਗਣਪਤੀ ਦੀ ਮਹਿਮਾ ਰੋਜਾਨਾ ਭਗਤ ਗਾ ਰਹੇ ਤੇਰੀ ਜੈ ਹੋ ਗਣੇਸ਼ ਤੇਰੀ.. ਜੈ ਹੋ ਗਣੇਸ਼ ਗਣਪਤੀ ਉਤਸਵ ਬੜੀ ਹੀ ਸ਼ਰਧਾ ਭਾਵਨਾ , ਭਜਨਾਂ ਅਤੇ ਜੈਕਾਰਿਆਂ ਨਾਲ ਗੂੰਜ ਰਿਹਾ ਸਾਰਾ ਪੰਡਾਲ ਸ਼ਰਧਾਲੂ ਭਗਤੀ ਰਸ ਨੱਚੇ ਗਣਪਤੀ ਉਤਸਵ ਦੀ ਸੁੰਦਰਤਾ ਚ ਹੋਰ ਵਧਾ ਜੋ ਰਿਹਾ

ਭਗਤਾਂ ਨੇ ਭਜਨਾਂ 'ਤੇ ਨੱਚਿਆ ਇਸ ਮੌਕੇ ਲੱਕੀ ਭਨੋਟ ਨਵੀਤਾ ਭ, ਮਾਹੀ ਭਨੋਟ, ਸੁਰਜੀਤ ਕੌਰ ,ਰੇਜਲ,ਰੇਸ਼ਮਾ,ਰੇਖਾ, ,ਬਲਜੀਤ ਕੌਰ ,ਕ੍ਰਿਸ਼ਨਾ, ਚੰਦਰਕੰਤਾ,ਰਣਜੀਤ ਕੌਰ,ਗੁਰਲੀਨ, ਸੁਰਿੰਦਰ ਕੌਰ, ਰੀਟਾ ਰਾਣੀ,ਸੰਤੋਸ਼ ,ਦਿਵਯਾ ਸ਼ਸ਼ੀ ,ਸੰਜੀਵ ,ਜਗਜੀਤ ਸਿੰਘ,ਸ਼ੁਭੀ ਬਿੱਲੂ ਭਗਤ ਅਤੇ ਸ਼ਰਧਾਲੂਆਂ ਦਾ ਭਾਰੀ ਇਕੱਠ ਸੀ ਜਿਨਾਂ ਦਾ ਬਾਬਾ ਗਣਪਤੀ ਜੀ ਆਪ ਨਾ ਜਾਣਦੇ ਹਨ

# ਫਰੀਦਾਬਾਦ ਆਈਐੱਮਟੀ ਇੰਡਸਟਰੀਜ਼ ਐਸੋਸੀਏਸ਼ਨ ਦੇ ਨਾਲ ਸਪ੍ਰੀ-2025 ਨੂੰ ਲੈ ਕੇ ਈਐੱਸਆਈਸੀ ਖੇਤਰੀ ਦਫ਼ਤਰ ਨੇ ਕੀਤਾ ਸੈਮੀਨਾਰ

ਫਰੀਦਾਬਾਦ (ਲੋਕ ਬਾਣੀ)- ਕਰਮਚਾਰੀ ਰਾਜ ਬੀਮਾ ਨਿਗਮ ਖੇਤਰੀ ਦਫ਼ਤਰ ਨੇ ਫਰੀਦਾਬਾਦ ਆਈਐੱਮਟੀ ਇੰਡਸਟਰੀਜ਼ ਨਾਲ ਮਿਲ ਕੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਜਿਸ ਵਿੱਚ ਖੇਤਰ ਦੇ ਉੱਘੇ ਉਦਯੋਗਪਤੀਆਂ ਨੇ ਹਿੱਸਾ ਲਿਆ ਅਤੇ ਜਿਸ ਵਿੱਚ ਕਰਮਚਾਰੀ ਰਾਜ ਬੀਮਾ ਨਿਗਮ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਜਿਵੇਂ ਕਿ ਚਿਕਿਤਸਾ ਹਿਤ ਲਾਭ, ਬਿਮਾਰੀ ਹਿਤ ਲਾਭ, ਜਣੇਪਾ ਹਿਤ ਲਾਭ, ਸਥਾਈ ਅਪੰਗਤਾ ਹਿਤ ਲਾਭ (ਪੈਨਸ਼ਨ), ਆਸ਼ਰਿਤ ਜਨਤਕ ਹਿਤ ਲਾਭ (ਪੈਨਸ਼ਨ), ਹੋਰ ਨਕਦ ਹਿਤ ਲਾਭ ਜਿਵੇਂ ਬੇਰੋਜ਼ਗਾਰੀ ਭੱਤਾ, ਅਟਲ ਯੋਜਨਾ, ਜਣੇਪਾ ਖਰਚੇ, ਵਪਾਰਕ ਟ?ਰੇਨਿੰਗ, ਸਰੀਰਕ ਪੁਨਰਵਾਸ, ਵਪਾਰਕ ਪੁਨਰਵਾਸ ਹੁਨਰ ਵਿਕਾਸ ਯੋਜਨਾ ਆਦਿ ਦੀ ਸ਼੍ਰੀ ਸੁਗਨ ਲਾਲ ਮੀਣਾ, ਖੇਤਰੀ ਨਿਰਦੇਸ਼ਕ ਨੇ ਜਾਣਕਾਰੀ ਦਿੱਤੀ ਗਈ। ਸ਼?ਰੀ ਸੁਗਨ ਲਾਲ ਮੀਣਾ ਨੇ ਪੋਗਰਾਮ ਨੂੰ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੀ ਵਰਤਮਾਨ ਵਿੱਚ ਚਲ ਰਹੀਆਂ ਕਈ ਮਾਲਕਾਂ ਅਤੇ ਕਰਮਚਾਰੀਆਂ ਲਈ ਹਿਤੈਸ਼ੀ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਿਸ ਵਿੱਚ ਸਭ ਤੋਂ ਪਹਿਲਾਂ ਸਪ੍ਰੀ 2025 (ਸਕੀਮ ਟੂ ਪ੍ਰਮੋਟ ਰਜਿਸਟ?ਰੇਸ਼ਨ ਆਫ ਐਂਪਲੋਅਰਜ਼ ਐਂਡ ਏਮਪਲੌਇਜ) ਨਾਮ ਨਾਲ ਯੋਜਨਾ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਕਰਮਚਾਰੀ ਰਾਜ ਬੀਮਾ ਐਕਟ 1948 ਹਰ ਉਸ ਫੈਕਟਰੀ/ ਸੰਸਥਾਨ/ ਦੁਕਾਨ/ਕਲੀਨਿਕ/ ਹਸਪਤਾਲ/ ਪ੍ਰਤਿਸ਼ਠਾਨ 'ਤੇ ਲਾਗੂ ਹੈ ਜਿੱਥੇ 10 ਜਾਂ ਉਸ ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ। ਇਨ੍ਹਾਂ ਪ੍ਰਤਿਸ਼ਠਾਨਾਂ ਲਈ ਲਾਜ਼ਮੀ ਹੈ ਕਿ ਉਹ ਈਐੱਸਆਈਸੀ ਵਿੱਚ ਰਜਿਸਟ?ਰੇਸ਼ਨ ਕਰਵਾਉਣ। ਅਜਿਹਾ ਨਾ ਕਰਨ 'ਤੇ ਸਜ਼ਾ ਦਾ ਪ੍ਰਾਵਧਾਨ ਹੈ।



# ਰਣਜੋਧ ਸਿੰਘ ਚਾਹਲ ਵੱਲੋਂ ਹਲਕਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

## ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮਗਰੀ ਵੰਡੀ ਤੇ ਉਨ੍ਹਾਂ ਦਾ ਹਾਲ ਜਾਣਿਆ - ਜਿਲ੍ਹਾ ਪ੍ਰੈਸ ਸਕੱਤਰ ਰਣਜੋਧ ਸਿੰਘ ਚਾਹਲ

ਗੁਰਦਾਸਪੁਰ ( ਜਸਵਿੰਦਰ ਸਿੰਘ )-ਆਮ ਆਦਮੀ ਪਾਰਟੀ ਜਿਲ੍ਹਾ ਗੁਰਦਾਸਪੁਰ ਦੇ ਪ੍ਰੈਸ ਸਕੱਤਰ ਰਣਜੋਧ ਸਿੰਘ ਚਾਹਲ ਵੱਲੋਂ ਹਲਕਾ ਗੁਰਦਾਸਪੁਰ ਦੇ ਪਿੰਡਾਂ ਵਿੱਚ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਸੁਣੀਆਂ ਅਤੇ ਉਹਨਾਂ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਹਰ ਕਿਸਮ ਦੇ ਨੁਕਸਾਨ ਦੀ ਪੂਰਤੀ ਕਰੇਗੀ।

ਕੁਦਰਤ ਮੂਹਰੇ ਕਿਸੇ ਦਾ ਜ਼ੋਰ ਨਹੀਂ ਚੱਲਦਾ, ਪਰ ਸਰਕਾਰ ਵੱਲੋਂ ਹੜ੍ਹ ਦੀ ਲਪੇਟ 'ਚ ਆਏ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਇਸ ਮੌਕੇ ਸ੍ਰ ਚਾਹਲ ਵੱਲੋਂ ਪਾਰਟੀ ਦੇ ਆਹੁਦੇਦਾਰਾਂ ਅਤੇ ਵਲੰਟੀਅਰਾਂ ਨੂੰ ਵੀ ਅਪੀਲ ਹੈ ਕਿ ਉਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਉਣ। ਸਮਾਂ ਔਖਾ ਜ਼ਰੂਰ ਹੈ ਪਰ ਇੱਕ ਦੂਜੇ ਦੇ ਸਾਥ ਨਾਲ ਲੰਘ ਜਾਵੇਗਾ। ਪਰਮਾਤਮਾ ਦੀ ਮੇਹਰ ਸਦਕਾ ਹਾਲਾਤ ਜਲਦੀ ਪਹਿਲਾਂ ਵਾਂਗ ਸਥਿਰ ਹੋਣਗੇ। ਇਸ ਮੌਕੇ ਰਣਜੋਧ ਸਿੰਘ ਚਾਹਲ ਅਤੇ ਉਹਨਾਂ ਦੀ ਟੀਮ ਵੱਲੋਂ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਰਾਸ਼ਨ ਪਹੁੰਚਾਇਆ ਅਤੇ ਕਈ ਲੋਕਾਂ ਨੂੰ ਪ੍ਰਸ਼ਾਸਨ ਦੀ ਮਦਦ ਨਾਲ ਬਾਹਰ ਵੀ ਕੱਢਿਆ ਗਿਆ। ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਕੀਤਾ ਗਿਆ,



ਸ੍ਰ ਚਾਹਲ ਦੀ ਟੀਮ ਹਰ ਪਿੰਡ ਪਿੰਡ ਵਿੱਚ ਜਾ ਕੇ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢ ਰਹੇ ਹਨ ਸ ? ਚਾਹਲ ਨੇ ਅੱਗੇ ਕਿਹਾ ਕਿ ਜੋ ਕੋਈ ਮੁਸ਼ਕਿਲ ਵਿੱਚ ਫਸਿਆ ਹੋਇਆ ਹੈ ਤਾਂ ਉਹ ਮੇਰੇ ਨਾਲ ਸੰਪਰਕ ਕਰੇ ਸਮੁੱਚੀ ਆਮ ਆਦਮੀ ਪਾਰਟੀ ਦੀਆਂ ਟੀਮਾਂ, ਵਲੰਟੀਅਰ, ਅਹੁਦੇਦਾਰ ਤੇ ਸਾਰੀ ਸਰਕਾਰ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਵਾਉਣ ਲਈ ਯੋਗਦਾਨ ਪਾ ਰਹੇ ਹਨ।

# ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜੇ ਨਗਰ ਕੀਰਤਨ ਦਾ ਗੁਰਦਾਸਪੁਰ ਜ਼ਿਲੇ ਵਿੱਚ ਪਹੁੰਚਣ ਤੇ ਭਰਵਾਂ ਸਵਾਗਤ

## ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਦਲਵਿੰਦਰਜੀਤ ਸਿੰਘ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਨਿੱਘਾ ਸਵਾਗਤ

ਬਟਾਲਾ, ( ਜਸਵਿੰਦਰ ਸਿੰਘ ) -ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜੇ ਨਗਰ ਕੀਰਤਨ ਦਾ ਅੱਜ ਸ਼ਾਮ ਗੁਰਦਾਸਪੁਰ ਜ਼ਿਲੇ ਦੀ ਧਰਤੀ (ਨੇੜੇ ਅੱਡਾ ਆਦੋਵਾਲ) ਤੇ ਪਹੁੰਚਣ ਤੇ ਭਰਵਾਂ, ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਅਤੇ ਵਿਕਰਮਜੀਤ ਸਿੰਘ ਪਾਂਥੇ ਐਸ.ਡੀ.ਐਮ ਬਟਾਲਾ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਗੁਰੂ ਜੀ ਦਾ ਆਸ਼ੀਰਵਾਦ ਲਿਆ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ,



ਸ੍ਰੀਮਤੀ ਜਸਵੰਤ ਕੌਰ ਐਸ.ਪੀ ਤਹਿਸੀਲਦਾਰ ਨਿਤਿਨ ਸਹੋਤਾ,ਬੀ.ਡੀ.ਪੀ.ਓ ਬਲਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਵਿੰਦਰਪਾਲ ਸਿੰਘ ਗੋਰਾ ਅਤੇ ਗੁਰਤਿੰਦਰਪਾਲ ਸਿੰਘ ਮਾਂਟੂ ਮੌਜੂਦ ਸਨ ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਅਸੀਂ ਵੱਡਭਾਗੇ ਹਾਂ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਵਿਖੇ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ।

# ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਰਾਹਤ ਸਮੱਗਰੀ ਲੈ ਕੇ ਪਹੁੰਚੇ ਕੌਮਾਂਤਰੀ ਸਰਹੱਦ ਦੇ ਨਾਲ ਵਸੇ ਪਿੰਡਾਂ ਤੱਕ

## ਕਿਸ਼ਤੀ ਰਾਹੀਂ ਰਾਸ਼ਨ ਘਰ ਘਰ ਪਹੁੰਚਾਇਆ

ਫਾਜ਼ਿਲਕਾ (ਰਾਜ ਅਰੋੜਾ)-ਪੰਚਾਇਤ ਮੰਤਰੀ ਸ੍ਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਅੱਜ ਫਾਜ਼ਿਲਕਾ ਦੇ ਹੜ ਗ੍ਰਸਤ ਸਰਹੱਦੀ ਪਿੰਡਾਂ ਦਾ ਕਿਸਤੀ ਰਾਹੀਂ ਦੌਰਾ ਕੀਤਾ। ਇਸ ਮੌਕੇ ਉਹ ਆਪਣੇ ਨਾਲ ਸਰਹੱਦੀ ਪਿੰਡਾਂ ਲਈ ਰਸਦ ਲੈ ਕੇ ਗਏ ਅਤੇ ਉੱਥੇ ਰਾਸ਼ਨ ਵੰਡਣ ਦੇ ਨਾਲ ਨਾਲ ਬਿਮਾਰ ਲੋਕਾਂ ਨੂੰ ਵੀ ਕਿਸ਼ਤੀਆਂ ਰਾਹੀਂ ਸੁਰੱਖਿਤ ਬਾਹਰ ਕੱਢਿਆ ਗਿਆ। ਇਸ ਮੌਕੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਬਣਾ ਉਹਨਾਂ ਦੇ ਨਾਲ ਰਹੇ ਇਸ ਮੌਕੇ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਉਹ ਲਗਾਤਾਰ ਜਿਲੇ ਵਿੱਚ ਰਾਹਤ ਕਾਰਜਾਂ ਦੀ ਸਮੀਖਿਆ ਕਰ ਰਹੇ ਹਨ। ਉਨਾਂ ਵੱਲੋਂ ਗੁਲਾਬਾ ਭੈਣੀ, ਗੱਟੀ ਨੰਬਰ ਇੱਕ ਅਤੇ



ਆਸ ਪਾਸ ਦੀਆਂ ਢਾਣੀਆਂ ਤੱਕ ਕਿਸ਼ਤੀਆਂ ਰਾਹੀਂ ਰਸਦ ਪਹੁੰਚਾਈ ਗਈ । ਉਹਨਾਂ ਨੇ ਕਿਹਾ ਕਿ ਇਹ ਵੇਲਾ ਹੈ ਕਿ ਹਰ ਕੋਈ ਹੜ ਪੀੜਤਾਂ ਦੀ ਮਦਦ ਕਰੇ ਤੇ ਉਹ ਵੀ ਇਸੇ ਉਦੇਸ਼ ਨਾਲ ਇਥੇ ਪਹੁੰਚੇ ਹਨ। ਉਹ ਆਪਣੇ ਨਾਲ ਦੋ ਟਰੱਕ ਰਾਹਤ ਸਮੱਗਰੀ ਦੇ ਆਪਣੇ ਵਿਧਾਨ ਸਭਾ ਹਲਕੇ ਤੋਂ ਵੀ ਲੈ ਕੇ ਆਏ ਸਨ। ਉਨਾਂ ਨੇ ਕਿਹਾ ਕਿ ਪਾਣੀ ਦਾ ਪੱਧਰ ਕੱਲ ਦੇ ਲਗਭਗ ਬਰਾਬਰ ਹੈ ਅਤੇ ਹੁਸੈਨੀ ਵਾਲਾ ਹੈਡਵਰਕਸ ਤੋਂ 2 ਲੱਖ 62 ਹਜਰ ਕਿਊਸਿਕ ਪਾਣੀ ਚੱਲ ਰਿਹਾ ਹੈ।

# ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡਾ ਸਲਾਹਕਾਰ ਕਮੇਟੀ ਦੀ ਮੀਟਿੰਗ ਸੰਸਦ ਮੈਂਬਰ ਮਨੀਸ਼ ਤਿਵਾੜੀ ਦੀ ਪ੍ਰਧਾਨਗੀ ਹੇਠ ਹੋਈ

ਚੰਡੀਗੜ੍ਹ, (ਲੋਕ ਬਾਣੀ) ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਹਵਾਈ ਅੱਡਾ ਸਲਾਹਕਾਰ ਕਮੇਟੀ ਦੀ ਇੱਕ ਮੀਟਿੰਗ ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਦੀ ਪ੍ਰਧਾਨਗੀ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨਵਿੰਦਰ ਸਿੰਘ ਕੰਗ ਦੀ ਸਹਿ-ਚੇਅਰਪਰਸਨਸ਼ਿਪ ਹੇਠ ਹੋਈ। ਮੀਟਿੰਗ ਵਿੱਚ ਸ੍ਰੀ ਅਜੈ ਵਰਮਾ ਮੁੱਖ ਕਾਰਜਕਾਰੀ ਅਧਿਕਾਰੀ, ਹਵਾਈ ਅੱਡਾ ਸਲਾਹਕਾਰ ਕਮੇਟੀ ਦੇ ਮੈਂਬਰ ਸ੍ਰੀ ਐਚ.ਐਸ ਲੱਕੀ, ਸ੍ਰੀ ਚੰਦਰਮੁਖੀ ਸ਼ਰਮਾ, ਸ੍ਰੀ ਰਵਿੰਦਰ ਪਾਲ ਪਾਲੀ, ਸ੍ਰੀ ਪਵਨ ਦੀਵਾਨ, ਸ੍ਰੀ ਗੁਰਮੇਲ ਸਿੰਘ



ਪਹਿਲਵਾਨ, ਸ੍ਰੀ ਭੁਵਨੀਸ਼ ਕੁਮਾਰ ਕਾਸੋ, ਸ੍ਰੀ ਮਨਜੀਤ ਘੁੰਮਣ, ਸ੍ਰੀ ਕਰਨ ਗਿਲਹੋਤਰਾ, ਡੀਸੀ ਚੰਡੀਗੜ੍ਹ ਸ੍ਰੀ ਨਿਸ਼ਾਂਤ ਯਾਦਵ, ਐਸਐਸਪੀ ਚੰਡੀਗੜ੍ਹ ਸ੍ਰੀਮਤੀ ਕੰਵਰਦੀਪ ਕੌਰ, ਐਸਪੀ ਸ੍ਰੀ ਰਮਨਦੀਪ ਸਿੰਘ ਸ਼ਾਮਲ ਹੋਏ। ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਪੁਆਇੰਟ ਆਫ਼ ਕਾਲ (ਪੀਓਸੀ) ਵਜੋਂ ਤਜਵੀਜ ਕਰਨ ਲਈ ਸਿਵਲ ਏਵੀਏਸ਼ਨ ਮੰਤਰਾਲੇ ਅਤੇ ਏਅਰਪੋਰਟ ਅਥਾਰਟੀ ਆਫ਼ ਇੰਡੀਆ ਨੂੰ ਸੂਚਿਤ ਕੀਤਾ ਜਾਵੇ। ਸ੍ਰੀ ਤਿਵਾੜੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਪੁਰਾਣੇ ਟਰਮੀਨਲ ਨੂੰ ਜਲਦੀ ਤੋਂ ਜਲਦੀ ਚਾਲੂ ਕਰ ਦਿੱਤਾ ਜਾਣਾ ਚਾਹੀਦਾ ਹੈ, ਤਾਂ ਜੋ ਚੰਡੀਗੜ੍ਹ ਅਤੇ ਪੰਚਕੂਲਾ ਤੋਂ ਆਉਣ ਵਾਲੇ ਲੋਕਾਂ ਨੂੰ ਹਵਾਈ ਅੱਡੇ ਤੱਕ ਪਹੁੰਚ ਕਰਨ ਵਿੱਚ ਸਹੂਲਤ ਮਿਲ ਸਕੇ।

# ਸ੍ਰੀ ਗੁਰੂ ਨਾਨਕ ਦੇਵ ਜੀ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ: ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਾਈਕਲ ਸਹੋਤਾ

## ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ - ਮਾਈਕਲ ਸਹੋਤਾ

ਗੁਰਦਾਸਪੁਰ ( ਜਸਵਿੰਦਰ ਸਿੰਘ )- ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਉਤਸ਼ਾਹ ਤੇ ਜਾਹੋ ਜਲਾਲ ਨਾਲ ਮਨਾਏ ਜਾਣਗੇ ਇਹ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਾਈਕਲ ਸਹੋਤਾ ਨੇ ਕਿਹਾ ਕਿ ਸਮੁੱਚੇ ਬਟਾਲਾ ਸ਼ਹਿਰ ਅੰਦਰ ਵਿਆਹ ਪੁਰਬ ਦੇ ਸਮਾਗਮਾਂ ਲਈ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਉਹਨਾਂ ਨੇ ਕਿਹਾ ਕਿ 29 ਅਗਸਤ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪੁਹੰਚਣ ਵਾਲੇ ਨਗਰ ਕੀਰਤਨ ਅਤੇ 30 ਅਗਸਤ ਨੂੰ ਪਾਲਕੀ ਸਾਹਿਬ



ਨਗਰ ਕੀਰਤਨ ਦੇ ਰੂਟਾਂ ਸਮੇਤ ਸਮੁੱਚੇ ਸ਼ਹਿਰ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਉਨਾਂ ਅੱਗੇ ਕਿਹਾ ਕਿ ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ ਅਤੇ ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਦਾਦ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਸ਼ਾਸਨ ਵਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇ

# ਛਿੰਝ ਮੇਲਾ ਨਵਾਂ ਪਿੰਡ ਬਹਾਦਰ ਵਿਖੇ 3 ਅਤੇ 4 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ - ਸਰਪੰਚ ਸੁਰਿੰਦਰ ਸਿੰਘ ਜੱਜ

## ਛਿੰਝ ਮੇਲਾ ਕਮੇਟੀ ਐਨ ਆਰ ਆਈ ਵੀਰਾਂ ਅਤੇ ਗੁਰਦੁਆਰਾ ਕਮੇਟੀ ਪਿੰਡ ਵਸਨੀਕ ਅਤੇ ਪੰਚਾਇਤ

ਗੁਰਦਾਸਪੁਰ ( ਜਸਵਿੰਦਰ ਸਿੰਘ )- ਹਲਕਾ ਦੀਨਾਨਗਰ ਦੇ ਪਿੰਡ ਨਵਾਂ ਪਿੰਡ ਬਹਾਦਰ ਵਿਖੇ ਛਿੰਝ ਮੇਲਾ ਕਮੇਟੀ ਐਨ ਆਰ ਆਈ ਵੀਰਾਂ ਅਤੇ ਗੁਰਦੁਆਰਾ ਕਮੇਟੀ ਪਿੰਡ ਵਸਨੀਕ ਅਤੇ ਪੰਚਾਇਤ ਵੱਲੋਂ ਮਿੱਤੀ 3 ਅਤੇ 4 ਸਤੰਬਰ 2025 ਨੂੰ ਗਰਾਊਂਡ ਨਵਾਂ ਪਿੰਡ ਬਹਾਦਰ ਵਿਖੇ ਕਰਵਾਇਆ ਜਾ ਰਿਹਾ ਹੈ ਸਰਪੰਚ ਸੁਰਿੰਦਰ ਸਿੰਘ ਜੱਜ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਮੇਲਾ ਬਹੁਤ ਹੀ ਸਦੀਆਂ ਤੋਂ ਕਰਵਾਇਆ ਜਾ ਰਿਹਾ ਹੈ ਇਸ ਮੇਲੇ ਦੇ ਵਿੱਚ ਬਹੁਤ ਹੀ ਦੂਰ ਦੂਰ ਲੋਕ ਆਉਂਦੇ ਹਨ ਅਤੇ ਮੇਲੇ ਦੀ ਰੌਣਕ ਨੂੰ ਦੇਖਦੇ ਹਨ ਇਹ ਮੇਲਾ ਸਾਡੇ ਪਿੰਡ ਵੱਲੋ ਹਰ ਸਾਲ ਕਰਵਾਇਆ ਜਾਂਦਾ ਹੈ ਇਸ ਮੌਕੇ ਤੇ ਬਹੁਤ ਹੀ ਸਾਰੇ ਸੱਜਣ ਮਿੱਤਰਾ ਵੱਲੋਂ



ਇੱਕ ਅਹਿਮ ਮੀਟਿੰਗ ਕੀਤੀ ਗਈ ਅਤੇ ਇਸ ਪਿੰਡ ਦੇ ਮੇਲੇ ਨੂੰ ਲੈ ਵਿਚਾਰ ਵਟਾਂਦਰਾ ਕੀਤਾ ਗਿਆ ਸਰਪੰਚ ਸੁਰਿੰਦਰ ਸਿੰਘ ਜੱਜ ਅਤੇ ਸਰਕਲ ਪ੍ਰਧਾਨ ਪੁਰਾਣਾ ਸ਼ਾਲਾ, ਮਨਿੰਦਰ ਸਿੰਘ ਪ੍ਰਧਾਨ, ਮਨਿੰਦਰ ਸਿੰਘ ਮੀਤ ਪ੍ਰਧਾਨ, ਸ਼ਰਨਜੀਤ ਸਿੰਘ ਕੈਸ਼ੀਅਰ, ਹਰਜਿੰਦਰ ਸਿੰਘ ਕੈਸ਼ੀਅਰ, ਬਲਕਾਰ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਮਨਜੀਤ ਸਿੰਘ ਸਾਬਕਾ ਪ੍ਰਧਾਨ, ਤਰਸੇਮ ਸਿੰਘ, ਬਲਦੇਵ ਸਿੰਘ, ਮਲਕੀਤ ਲੰਬੜਦਾਰ, ਬਲਬੀਰ ਸਿੰਘ, ਕਾਲਾ, ਹੀਰਾ, ਸੁਨੀਲ, ਸੱਤਾ, ਦੇਸ਼ਾ, ਪਹਿਲਵਾਨ ਜੈਸਾ ਭੱਟੀ, ਅਤੇ ਸੋਨੂ ਕਾਂਗੜਾ, ਗਾਇਕ ਬਲਕਾਰ ਅੰਰਖੀਲਾ, ਮਨਜਿੰਦਰ, ਗੁਲਸ਼ਨ, ਕਬੱਡੀ ਦੀਆਂ ਟੀਮਾਂ ਅਦਿ ਪਹੁੰਚ ਰਹੀਆਂ ਹਨ

# ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵਰਦਾਨ ਸਾਬਤ ਹੋਇਆ ਪੰਜਾਬ ਸਰਕਾਰ ਦਾ ਹੈਲੀਕਾਪਟਰ - ਮੁਖਦੇਵ ਸਿੰਘ ਆਲੋਵਾਲ

## ਮਕੌੜਾ, ਕਲਾਨੌਰ ਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚਾਈ ਰਾਹਤ ਸਮਗਰੀ ਮੁਖਦੇਵ ਸਿੰਘ ਆਲੋਵਾਲ

ਗੁਰਦਾਸਪੁਰ ( ਜਸਵਿੰਦਰ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਪੱਖੀ ਪਹੁੰਚ ਅਪਣਾਉਂਦੇ ਹੋਏ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਪਰਿਵਾਰਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਅਤੇ ਲੋਕਾਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਤੀਜੇ ਦਿਨ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ ਪੰਜਾਬ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਫਿਰ ਡੇਰਾ ਬਾਬਾ ਨਾਨਕ ਹਲਕੇ ਦੇ ਹੜ੍ਹ ਦੇ ਪਾਣੀ ਵਿੱਚ ਘਿਰੇ ਪਿੰਡ ਹਰੂਵਾਲ, ਪੱਖੋਕੇ, ਸਾਧਾਂਵਾਲੀ, ਮਾਨ, ਮਛਰਾਲਾ, ਕਾਲ ?ਂਵਾਲੀ, ਸਮਰਾਏ, ਖਲੀਲਪੁਰ, ਖੁਸ਼ਹਾਲਪੁਰ, ਜੌੜੀਆਂ ਕਲਾਂ, ਜੌੜੀਆਂ ਖੁਰਦ, ਮੌਹਲ ਨੰਗਲ, ਕੋਠਾ, ਅਬਦਾਲ, ਰੱਤਾ, ਵੈਰੋਕੇ, ਠੇਠਰਕੇ, ਖੋਦੇ ਬੇਟ, ਮੰਗੀਆਂ, ਧਰਮਕੋਟ ਰੰਧਾਵਾ, ਮਾਨਸੁਰ, ਤਲਵੰਡੀ ਹਿੰਦੂਆਂ, ਸਹਿਜ਼ਾਦਾ, ਘਣੀਏ-ਕੇ-ਬੇਟ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ, ਰੱਤੜ-ਛੱਤੜ, ਪੰਨਵਾਂ, ਧਰਮਾਬਾਦ, ਸਿੰਘਪੁਰਾ,



ਬਹਿਲੋਪੁਰ, ਘੁੰਮਣ, ਚਾਕਾਂਵਾਲੀ, ਤਲਵੰਡੀ ਗੁਰਾਇਆ, ਚੌੜਾ ਅਤੇ ਖੁਸ਼ਹਾਲਪੁਰ ਦੇ ਵਸਨੀਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਇਸ ਦੇ ਨਾਲ ਹੀ ਹੈਲੀਕਾਪਟਰ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਵਿੱਚ ਘਿਰੇ ਪਿੰਡ ਮਕੌੜਾ, ਨਵੀਂ ਅਬਾਦੀ ਚੰਡੀਗੜ੍ਹ, ਮਰਾੜਾ, ਝਬਕਰਾ, ਚਿੱਠੀ, ਜੋਗਰ, ਸ਼ਮਸ਼ੇਰਪੁਰ, ਕਾਹਨਾ, ਜੈਨਪੁਰ, ਬਾਹਮਣੀ, ਦਬੁਰਜੀ, ਸ਼ਾਹਪੁਰ ਅਫ਼ਗਾਨਾ, ਦੁਗਰੀ, ਆਦੀ, ਇਸਲਾਮਪੁਰ, ਮਲੂਕ ਚੱਕ, ਠੁੰਡੀ, ਬਾਊਪੁਰ ਅਫ਼ਗਾਨਾ, ਸੰਗੋਰ, ਚਕਰੀ, ਸਲਾਚ, ਠੱਠੀ, ਓਗਰਾ, ਜੱਗੋ ਚੱਕ ਟਾਂਡਾ, ਚੱਕ ਰਾਜਾ, ਗਾਹਲੜੀ, ਸੰਦਲਪੁਰ, ਠਾਕੁਰਪੁਰ, ਜੀਵਨਪੁਰ ਅਤੇ ਕਜਲੇ ਵਿੱਚ ਵੀ ਰਾਹਤ ਸਮਗਰੀ ਪਹੁੰਚਾਈ ਗਈ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਹੈਲੀਕਾਪਟਰ ਰਾਹੀਂ ਰਾਹਤ ਸਮਗਰੀ ਪਹੁੰਚਾਉਣ ਮੌਕੇ ਹਲਕਾ ਕਾਦੀਆਂ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਹੈਲੀਕਾਪਟਰ ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵੱਡੀ ਰਾਹਤ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਕਈ ਪਿੰਡ ਰਾਵੀ ਤੋਂ ਵੀ ਪਾਰ ਹਨ ਜਿਨ੍ਹਾਂ ਦਾ ਸੰਪਰਕ ਪੂਰੀ ਤਰ੍ਹਾਂ ਨਾਲ ਟੁੱਟ ਚੁੱਕਾ ਹੈ ਅਤੇ ਓਥੇ ਤੱਕ ਕੇਵਲ ਹੈਲੀਕਾਪਟਰ ਰਾਹੀਂ ਹੀ ਪਹੁੰਚ ਹੋ ਸਕਦੀ ਸੀ। ਉਨ੍ਹਾਂ ਕਿਹਾ ਕਿ ਕਈ ਘਰ ਖੇਤਾਂ ਵਿੱਚ ਵੀ ਹਨ ਜੋ ਕਿ ਪਾਣੀ ਵਿੱਚ ਡੁੱਬੇ ਹੋਏ ਹਨ ਅਤੇ ਅਜਿਹੇ ਲੋਕਾਂ ਤੱਕ ਰਾਹਤ ਪਹੁੰਚਾਉਣ ਵਿੱਚ ਪੰਜਾਬ ਸਰਕਾਰ ਦਾ ਹੈਲੀਕਾਪਟਰ ਵਰਦਾਨ ਸਾਬਤ ਹੋਇਆ ਹੈ।

# ਪ੍ਰਭੂ ਸ਼੍ਰੀ ਰਾਮਲੀਲਾ ਕਮੇਟੀ ਦੇ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ

## ਮਾਤਾ ਰਾਣੀ ਦੀ ਵਿਸ਼ਾਲ ਚੌਕੀ ..21 ਸਤੰਬਰ ਨੂੰ ਭੂਮੀ ਪੂਜਨ ਤੋਂ ਬਾਅਦ ਕੀਤੀ ਜਾਵੇਗੀ - ਸੁਭਾਸ਼ ਮੋਦੀ

ਖੰਨਾ : (ਤੇਜਿੰਦਰ ਸਿੰਘ ਆਰਟਿਸਟ) ਪ੍ਰਭੂ ਸ਼੍ਰੀ ਰਾਮਲੀਲਾ ਕਮੇਟੀ ਦੇ ਸਮੂਹ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕਮੇਟੀ ਦੇ ਸਰਪ੍ਰਸਤ ਸੁਭਾਸ਼ ਮੋਦੀ ਅਤੇ ਪ੍ਰਧਾਨ ਸੁਬੋਧ ਮਿੱਤਲ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਸਮੂਹ ਮੈਂਬਰਾਂ ਨੂੰ 22 ਸਤੰਬਰ ਤੋਂ ਖੰਨਾ ਵਿੱਚ ਸ਼ੁਰੂ ਹੋਣ ਵਾਲੀ ਪਵਿੱਤਰ ਸ਼੍ਰੀ ਰਾਮਲੀਲਾ ਦੀ ਤਿਆਰੀ ਲਈ ਵੱਖ-ਵੱਖ ਡਿਊਟੀਆਂ ਸੌਂਪੀਆਂ ਗਈਆਂ, ਤਾਂ ਜੋ ਇਸ ਸਾਲ ਦੀ ਪਵਿੱਤਰ ਸ਼੍ਰੀ ਰਾਮਲੀਲਾ ਨੂੰ ਵਧੀਆ ਤਰੀਕੇ ਨਾਲ ਦਿਖਾਇਆ ਜਾ ਸਕੇ ਅਤੇ ਇਸ ਨੂੰ ਦੇਖਣ ਆਉਣ ਵਾਲੇ ਸ਼ਰਧਾਲੂਆਂ ਲਈ ਕੋਈ ਸਮੱਸਿਆ ਨਾ ਆਵੇ, ਜਿਸ ਵਿੱਚ ਬੈਠਣ, ਦਰਸ਼ਨ ਕਰਨ ਅਤੇ ਵਧੀਆ ਪ੍ਰਬੰਧ ਕੀਤੇ ਜਾ ਸਕਣ। ਪ੍ਰਭੂ ਸ਼੍ਰੀ ਰਾਮਲੀਲਾ ਕਮੇਟੀ ਦੇ ਸਰਪ੍ਰਸਤ ਸੁਭਾਸ਼ ਮੋਦੀ ਨੇ ਦੱਸਿਆ ਕਿ ਇਸ ਸਾਲ



ਦੀ ਆਖਰੀ ਸ਼ਰਾਧ 21 ਸਤੰਬਰ ਨੂੰ ਹੈ, ਇਸ ਦਿਨ ਕਮੇਟੀ ਵੱਲੋਂ ਭੂਮੀ ਪੂਜਨ ਕੀਤਾ ਜਾਂਦਾ ਹੈ।

# ਇੰਡੀਅਨ ਏਅਰ ਫੋਰਸ ਓਪਨ ਭਰਤੀ ਰੈਲੀ ; ਉਮੀਦਵਾਰਾਂ ਦੀ ਲਿਖ਼ਤੀ ਪ੍ਰੀਖਿਆ ਤੇ ਗਰੁੱਪ ਡਿਸਕਸ਼ਨ ਕਰਵਾਈ

ਜਲੰਧਰ, (ਲੋਕ ਬਾਣੀ): ਸਥਾਨਕ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ ਵਿੱਚ ਇੰਡੀਅਨ ਏਅਰ ਫੋਰਸ ਦੀ ਚੱਲ ਰਹੀ ਓਪਨ ਭਰਤੀ ਰੈਲੀ ਦੌਰਾਨ ਅੱਜ ਉਮੀਦਵਾਰਾਂ ਦੀ ਲਿਖ਼ਤੀ ਪ੍ਰੀਖਿਆ ਤੋਂ ਇਲਾਵਾ ਗਰੁੱਪ ਡਿਸਕਸ਼ਨ ਕਰਵਾਈ ਗਈ। ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਉਮੀਦਵਾਰਾਂ ਵੱਲੋਂ ਲਿਖ਼ਤੀ ਪ੍ਰੀਖਿਆ ਪਾਸ ਕਰ ਲਈ ਗਈ ਹੈ, ਉਨ੍ਹਾਂ ਨੂੰ ਅੱਜ ਗਰੁੱਪ ਡਿਸਕਸ਼ਨ ਲਈ ਬੁਲਾਇਆ ਗਿਆ ਸੀ। ਇਸ ਦੌਰਾਨ ਉਮੀਦਵਾਰਾਂ ਦੇ ਮੈਂਟਲ ਐਬਿਲਿਟੀ ਅਤੇ ਮਨੋਵਿਗਿਆਨ ਟੈਸਟ ਆਦਿ ਵੀ ਲਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਟੈਸਟਾਂ ਤੋਂ ਬਾਅਦ ਉਮੀਦਵਾਰਾਂ ਨੂੰ ਮੈਡੀਕਲ ਟੈਸਟ ਲਈ ਮਿਤੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 1 ਏਅਰਮੈਨ ਸਿਲੈਕਸ਼ਨ ਸੈਂਟਰ, ਏਅਰ ਫੋਰਸ ਅੰਬਾਲਾ ਤੋਂ ਭਰਤੀ ਰੈਲੀ ਲਈ 140 ਅਧਿਕਾਰੀ/ਕਰਮਚਾਰੀਆਂ ਦੀਆਂ ਟੀਮਾਂ ਆਈਆਂ ਹੋਈਆਂ ਹਨ, ਜਿਨ੍ਹਾਂ ਵਿੱਚ ਗਰੁੱਪ ਕੈਪਟਨ ਐਸ.ਵੀ.ਜੀ ਰੈਡੀ, ਵਿੰਗ ਕਮਾਂਡਰ ਸ਼ਵੇਤਾ ਚੌਧਰੀ, ਵਿੰਗ ਕਮਾਂਡਰ ਸੱਜਾ ਸ੍ਰੀ ਚੈਤਨਿਆ, ਵਿੰਗ ਕਮਾਂਡਰ ਏ ਗੁਨਾਸ਼ੇਖਰ ਅਤੇ ਵਿੰਗ ਕਮਾਂਡਰ ਵਿਕਟਰ ਅਹੰਥਮ ਆਦਿ ਸਮੇਤ 20 ਅਧਿਕਾਰੀ ਸ਼ਾਮਲ ਹਨ।




# ਘੱਗਰ ਦਰਿਆ ਵਿੱਚ ਪਾਣੀ ਦਾ ਵਾਧਾ ਕੰਟਰੋਲ ਅਧੀਨ : ਡਿਪਟੀ ਕਮਿਸ਼ਨਰ ਕੋਮਲ ਮਿੱਤਲ

## ਮੋਹਾਲੀ ਪ੍ਰਸ਼ਾਸਨ ਵੱਲੋਂ ਹੜ੍ਹ ਸਥਿਤੀ ’ਤੇ ਕੜੀ ਨਿਗਰਾਨੀ, ਕੰਟਰੋਲ ਰੂਮ ਸਥਾਪਿਤ

ਟਿਵਾਣਾ (ਸਾਹਿਬਜ਼ਾਦਾ ਅਜੀਤ ਸਿੰਘ ਨਗਰ), : ਧਾਮੀ ਸ਼ਰਮਾ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਬੀਤੀ ਰਾਤ ਕੈਚਮੈਂਟ ਏਰੀਆ ਵਿੱਚ ਭਾਰੀ ਮੀਂਹ ਪੈਣ ਕਾਰਨ ਅਤੇ ਸੁਖਨਾ ਲੇਕ ਦੇ ਫਲੱਡ ਗੇਟ ਖੋਲ੍ਹੇ ਜਾਣ ਨਾਲ ਅੱਜ ਸਵੇਰੇ ਲਗਭਗ 9 ਵਜੇ ਘੱਗਰ ਦਰਿਆ ਵਿੱਚ ਪਾਣੀ ਦਾ ਵਹਾਅ 70,000 ਕਿਊਸਕ ਤੱਕ ਪਹੁੰਚ ਗਈ ਸੀ। ਉਨ੍ਹਾਂ ਦੱਸਿਆ ਕਿ ਭਾਂਖਰਪੁਰ ਪੁਲ ‘ਤੇ ਪਾਣੀ ਦਾ ਪੱਧਰ 10.5 ਫੁੱਟ ਹੋਣ ਕਾਰਨ ਪਾਣੀ ਵਧਣਾ ਹੋਣਾ ਸ਼ੁਰੂ ਹੋ ਗਿਆ ਸੀ, ਪਰ ਕੁਝ ਸਮੇਂ ਬਾਅਦ ਪੱਧਰ ਘਟਣਾ ਸ਼ੁਰੂ ਹੋ ਗਿਆ। ਉਨ੍ਹਾਂ ਦੱਸਿਆ ਕਿ ਲਗਪਗ ਦੁਪਹਿਰ 12:30 ਵਜੇ ਪਾਣੀ ਦਾ ਵਹਾਅ ਘੱਟ ਕੇ 35,000



ਕਿਊਸਕ ਰਹਿ ਗਿਆ ਅਤੇ ਹੁਣ ਸਥਿਤੀ ਕੰਟਰੋਲ ਵਿੱਚ ਹੈ। ਅੱਜ ਸਵੇਰੇ ਸਥਿਤੀ ਗੰਭੀਰ ਹੋਣ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਲਾਲੜੂ ਇਲਾਕੇ ਵਿੱਚ ਘੱਗਰ ਦੇ ਟਿਵਾਣਾ ਬੰਨ੍ਹ ਦਾ ਦੌਰਾ ਕੀਤਾ ਗਿਆ ਅਤੇ ਉੱਥੇ ਮੌਜੂਦ ਪਿੰਡ ਦੇ ਲੋਕਾਂ ਦਾ ਹਾਲ ਵੀ ਜਾਣਿਆ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਬੰਨ੍ਹ ਦੀ ਮਜ਼ਬੂਤੀ ਬਰਕਰਾਰ ਹੈ ਅਤੇ ਪ੍ਰਸ਼ਾਸਨਿਕ ਟੀਮਾਂ ਸਾਵਧਾਨ ਕੀਤੀਆਂ ਹੋਈਆਂ ਹਨ।

# ਸਿਹਤ ਵਿਭਾਗ ਦੀਆਂ ਟੀਮਾਂ ਨੇ ਵੱਖ-ਵੱਖ ਥਾਈਂ ਕੀਤੀ ਚੈਕਿੰਗ

## ਡੇਗੂ ਤੋਂ ਬਚਾਅ ਲਈ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦਿਤਾ ਜਾਵੇ : ਡਾ. ਸੰਗੀਤਾ ਜੈਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 29 ਅਗਸਤ: ਧਾਮੀ ਸ਼ਰਮਾ- ’ਹਰ ਸ਼ੁੱਕਰਵਾਰ, ਡੇਂਗੂ ’ਤੇ ਵਾਰ’ ਮੁਹਿੰਮ ਤਹਿਤ ਜਿ ?ਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਅੱਜ ਜ਼ਿਲ੍ਹੇ ਦੇ ਉਨ੍ਹਾਂ ਇਲਾਕਿਆਂ ਵਿਚ ਚੈਕਿੰਗ ਕੀਤੀ ਜਿਥੇ ਮੀਂਹ ਜਾਂ ਹੜ੍ਹਾਂ ਦਾ ਪਾਣੀ ਜਮ ?ਹਾਂ ਹੋਣ ਦੀ ਸੰਭਾਵਨਾ ਰਹਿੰਦੀ ਹੈ ਅਤੇ ਪਾਣੀ ਜਮ ?ਹਾਂ ਹੋਣ ਨਾਲ ਮੱਛਰ ਪੈਦਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ ।ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ ਤੇ ਪੇਂਡੂ ਸਿਹਤ ਸਫ਼ਾਈ ਕਮੇਟੀਆਂ ਅਤੇ ਰੈਜ਼ੀਡੈਂਟਸ ਵੈਲਫ਼ੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ।



# ਹੜ੍ਹ ਪ੍ਰਭਾਵਿਤ ਖੇਤਰਾਂ ਦੇ 1200 ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ- ਮੁੰਡੀਆਂ

## ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਘਰ ਛੱਡ ਕੇ ਸੁਰੱਖਿਅਤ ਥਾਵਾਂ ’ਤੇ ਜਾਣ ਦੀ ਅਪੀਲ

ਕਪੂਰਥਲਾ, (ਲੋਕ ਬਾਣੀ)-ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਉਨ੍ਹਾਂ ਵਲੋਂ ਸਮੁੱਚੇ ਪ੍ਰਸ਼ਾਸਨ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ 800 ਘਰਾਂ ਵਿਚੋਂ ਹੁਣ ਤੱਕ 250 ਪਰਿਵਾਰਾਂ ਦੇ ਕਰੀਬ 1200 ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਜਾ ਚੁੱਕਾ ਹੈ। ਉਨ੍ਹਾਂ ਅੱਜ ਕਪੂਰਥਲਾ ਦੇ ਪਿੰਡ ਕੰਮੇਵਾਲ ਅਤੇ ਬਾਗੂਵਾਲ ਵਿਖੇ ਹੜ੍ਹਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਇਸ ਔਖੀ ਘੜੀ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਰਾਹਤ ਕਾਰਜ ਜੰਗੀ ਪੱਧਰ ’ਤੇ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਵਿੱਚ 800 ਘਰ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਵਲੋਂ ਲਗਾਤਾਰ ਇਹਨਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਜਾਣ ਲਈ ਅਪੀਲ ਕੀਤੀ ਜਾ ਰਹੀ ਹੈ।



# ਡੀ.ਸੀ. ਦਫ਼ਤਰ ਮੋਹਾਲੀ ਤੋਂ ਹੜ੍ਹ ਪ੍ਰਭਾਵਿਤ ਸਰਹੱਦੀ ਖੇਤਰਾਂ ਲਈ ਰਾਹਤ ਸਮੱਗਰੀ ਰਵਾਨਾ ਕੀਤੀ

## ਮੁਸੀਬਤ ਚ ਫ਼ਸੇ ਲੋਕਾਂ ਅਤੇ ਉਨ੍ਹਾਂ ਦੇ ਦੁਧਾਰੂ ਪਸ਼ੂਆਂ ਲਈ ਮਦਦ ਪਹੁੰਚਾਉਣ ਦਾ ਇਹ ਸਹੀ ਸਮਾਂ - ਵਿਧਾਇਕ ਕੁਲਵੰਤ ਸਿੰਘ

ਲੋਕ ਬਾਣੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਧਾਮੀ ਸ਼ਰਮਾ -ਵਿਧਾਇਕ ਕੁਲਵੰਤ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮੋਹਾਲੀ ਤੋਂ ਹੜ੍ਹ ਪ੍ਰਭਾਵਿਤ ਸਰਹੱਦੀ ਜ਼ਿਲ੍ਹਿਆਂ ਲਈ ਰਾਹਤ ਸਮੱਗਰੀ ਦੇ ਦੋ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਾਹਤ ਖੇਪ ਵਿੱਚ ਸੁੱਕੀਆਂ ਰਾਸ਼ਨ ਕਿੱਟਾਂ, ਪੀਣ ਵਾਲਾ ਪਾਣੀ, ਤਰਪਾਲਾਂ, ਦਵਾਈਆਂ ਅਤੇ ਪਸ਼ੂਆਂ ਦਾ ਚਾਰਾ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰਾਂ ਦੇ ਲੋਕ ਬਹੁਤ ਮੁਸ਼ਕਲ ਸਮੇਂ ਦਾ ਸਾਹਮਣਾ ਕਰ ਰਹੇ ਹਨ, ਹੜ੍ਹਾਂ ਕਾਰਨ ਲਗਭਗ ਸਭ ਕੁਝ ਗੁਆ ਚੁੱਕੇ ਹਨ। ਮਦਦ ਦਾ ਹੱਥ ਵਧਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਟਿੱਪਣੀ ਕੀਤੀ ਕਿ ਮੋਹਾਲੀ ਜ਼ਿਲ੍ਹਾ ਲੋੜ ਦੀ ਇਸ ਘੜੀ ਵਿੱਚ ਲੋਕਾਂ ਅਤੇ ਉਨ੍ਹਾਂ ਦੇ ਦੁਧਾਰੂ ਪਸ਼ੂਆਂ ਦੋਵਾਂ ਦੀ ਸਹਾਇਤਾ ਲਈ



ਵਚਨਬੱਧ ਹੈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਵੱਲੋਂ 300 ਸੁੱਕੇ ਰਾਸ਼ਨ ਕਿੱਟਾਂ ਦਾ ਯੋਗਦਾਨ ਪਾਉਣ ਲਈ ਸ਼ਲਾਘਾ ਕਰਦਿਆਂ, ਨਾਲ ਹੀ ਰੋਟਰੀ ਕਲੱਬ ਅਤੇ ਮੋਹਾਲੀ ਇੰਡਸਟਰੀਜ਼ ਐਸੋਸੀਏਸ਼ਨ ਵਰਗੀਆਂ ਸੰਸਥਾਵਾਂ ਵੱਲੋਂ ਵਾਧੂ ਰਾਹਤ ਸਮੱਗਰੀ ਪ੍ਰਦਾਨ ਕਰਨ ਲਈ ਸ਼ਲਾਘਾ ਕਰਦਿਆਂ, ਵਿਧਾਇਕ ਨੇ ਅੱਗੇ ਕਿਹਾ ਕਿ ਵੇਰਕਾ ਮਿਲਕ ਪਲਾਂਟ, ਮੋਹਾਲੀ ਨੇ ਵੀ ਕੱਲ੍ਹ 700 ਸੁੱਕੀਆਂ ਰਾਸ਼ਨ ਕਿੱਟਾਂ ਭੇਜੀਆਂ ਸਨ।

# ਪ੍ਰਾਪਰਟੀ ਟੈਕਸ ਬਕਾਇਆ - ਇੱਕਮੁਸ਼ਤ ਨਿਪਟਾਰਾ ਯੋਜਨਾ

## ਸਾਰੇ ਸਥਾਨਕ ਸੰਸਥਾਵਾਂ ਦੇ ਦਫ਼ਤਰ ਸ਼ਨੀਵਾਰ ਅਤੇ ਐਤਵਾਰ ਨੂੰ ਖੁੱਲ੍ਹੇ ਰਹਿਣਗੇ: ਡੀਸੀ ਕੋਮਲ ਮਿੱਤਲ

ਲੋਕ ਬਾਣੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਐਲਾਨੀ ਗਈ ਇੱਕਮੁਸ਼ਤ ਨਿਪਟਾਰਾ (ਓਟੀਐਸ) ਯੋਜਨਾ ਤਹਿਤ ਸ਼ਹਿਰੀ ਖੇਤਰ ਦੇ ਨਿਵਾਸੀਆਂ ਨੂੰ ਆਪਣੇ ਜਾਇਦਾਦ ਟੈਕਸ ਬਕਾਏ ਦਾ ਭੁਗਤਾਨ ਕਰਨ ਵਿੱਚ ਸਹੂਲਤ ਦੇਣ ਲਈ, ਐਸ ਏ ਐਸ ਨਗਰ ਜ਼ਿਲ੍ਹੇ ਦੇ ਸਾਰੇ ਨਗਰ ਕੌਂਸਲ ਦਫ਼ਤਰ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਖੁੱਲ੍ਹੇ ਰਹਿਣਗੇ। ਜ਼ਿਲ੍ਹੇ ਦੇ ਵਸਨੀਕਾਂ ਨੂੰ ਇਸ ਯੋਜਨਾ ਦਾ ਪੂਰਾ ਲਾਭ ਉਠਾਉਣ ਦੀ ਅਪੀਲ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਿਨਾਂ ਜੁਰਮਾਨੇ ਅਤੇ ਵਿਆਜ ਦੇ ਬਕਾਏ ਦਾ ਭੁਗਤਾਨ ਕਰਨ ਦੀ ਆਖਰੀ ਮਿਤੀ 31 ਅਗਸਤ, 2025 ਤੱਕ ਹੈ। ਇਸ ਸਮਾਂ ਸੀਮਾ ਤੋਂ ਬਾਅਦ, ਲਾਗੂ ਜੁਰਮਾਨੇ ਅਤੇ ਵਿਆਜ ਨਾਲ ਵਸੂਲੀ ਕੀਤੀ ਜਾਵੇਗੀ, ਉਨ੍ਹਾਂ ਨੇ ਅੱਗੇ ਕਿਹਾ।



# ਵਿਆਹ ਪੁਰਬ ਵਾਲੇ ਦਿਨ 30 ਅਗਸਤ ਨੂੰ ਨਗਰ ਨਿਗਮ ਬਟਾਲਾ ਦੀ ਹਦੂਦ ਅੰਦਰ ਹੋਵੇਗਾ ਡਰਾਈ ਡੇਅ

ਲੋਕ ਬਾਣੀ

ਗੁਰਦਾਸਪੁਰ, ( ਜਸਵਿੰਦਰ ਸਿੰਘ ) ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ, ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਨੇ ਪੰਜਾਬ ਆਬਕਾਰੀ ਐਕਟ-1914 ਦੀ ਧਾਰਾ 54 ਅਤੇ ਪੰਜਾਬ ਲੀਕਰ ਲਾਇਸੈਂਸ ਦੇ ਰੂਲ 37 (9) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਤੇ ਪੰਜਾਬ ਸਰਕਾਰ, ਆਬਕਾਰੀ ਤੇ ਕਰ ਵਿਭਾਗ ਦੇ ਪੱਤਰ ਨੰਬਰ 549, ਮਿਤੀ 29 ਅਗਸਤ 2025 ਰਾਹੀਂ ਪ੍ਰਾਪਤ ਹੋਈ ਪ੍ਰਵਾਨਗੀ ਤਹਿਤ ਮਿਤੀ 30 ਅਗਸਤ 2025 ਨੂੰ ਬਟਾਲਾ ਸ਼ਹਿਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ ਵਿਆਹ ਪੁਰਬ ਦੇ ਮੱਦੇਨਜ਼ਰ ਨਗਰ ਨਿਗਮ ਬਟਾਲਾ ਦੀ ਹਦੂਦ ਅੰਦਰ ਡਰਾਈ ਡੇਅ ਘੋਸ਼ਿਤ ਕੀਤਾ ਹੈ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਹ ਹੁਕਮ ਜਾਰੀ ਕਰਦਿਆਂ ਇਹ ਵੀ ਹਦਾਇਤ ਕੀਤੀ ਹੈ ਕਿ ਮਿਊਂਸੀਪਲ ਦੀ ਹਦੂਦ ਅੰਦਰ ਦੇਸੀ, ਅੰਗਰੇਜ਼ੀ ਸ਼ਰਾਬ ਦੇ ਠੇਕੇ ਬੰਦ ਰਹਿਣਗੇ ਅਤੇ ਕੋਈ ਵੀ ਵਿਅਕਤੀ ਇਸ ਦੀ ਵਿੱਕਰੀ ਅਤੇ ਸਟੋਰੇਜ ਨਹੀਂ ਕਰੇਗਾ। ਇਹ ਮਨਾਹੀ ਹੁਕਮ ਹੋਟਲਾਂ, ਕਲੱਬਾਂ ਅਤੇ ਸ਼ਰਾਬ ਦੇ ਅਹਾਤਿਆਂ ਆਦਿ ਜਿੱਥੇ ਸ਼ਰਾਬ ਵੇਚਣ ਦੀ ਕਾਨੂੰਨੀ ਇਜਾਜ਼ਤ ਹੈ, ਉੱਤੇ ਵੀ ਪੂਰਨ ਤੌਰ 'ਤੇ ਲਾਗੂ ਹੋਣਗੇ। ਇਹ ਹੁਕਮ ਇੱਕ ਤਰਫ਼ਾ ਪਾਸ ਕੀਤੇ ਜਾਂਦੇ ਹਨ



# ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵਰਦਾਨ ਸਾਬਤ ਹੋਇਆ ਪੰਜਾਬ ਸਰਕਾਰ ਦਾ ਹੈਲੀਕਾਪਟਰ-ਮੁਖਦੇਵ ਸਿੰਘ ਆਲੋਵਾਲ

## ਮਕੌੜਾ, ਕਲਾਨੌਰ ਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚਾਈ ਰਾਹਤ ਸਮਗਰੀ ਮੁਖਦੇਵ ਸਿੰਘ ਆਲੋਵਾਲ

ਲੋਕ ਬਾਣੀ

ਗੁਰਦਾਸਪੁਰ ( ਜਸਵਿੰਦਰ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਪੱਖੀ ਪਹੁੰਚ ਅਪਣਾਉਂਦੇ ਹੋਏ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਪਰਿਵਾਰਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਅਤੇ ਲੋਕਾਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਤੀਜੇ ਦਿਨ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ ਪੰਜਾਬ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਫਿਰ ਡੇਰਾ ਬਾਬਾ ਨਾਨਕ ਹਲਕੇ ਦੇ ਹੜ੍ਹ ਦੇ ਪਾਣੀ ਵਿੱਚ ਘਿਰੇ ਪਿੰਡ ਹਰੂਵਾਲ, ਪੱਖੋਕੇ, ਸਾਧਾਂਵਾਲੀ, ਮਾਨ, ਮਛਰਾਲਾ, ਕਾਲ ?ਂਵਾਲੀ, ਸਮਰਾਏ, ਖਲੀਲਪੁਰ, ਖੁਸ਼ਹਾਲਪੁਰ, ਜੌੜੀਆਂ ਕਲਾਂ, ਜੌੜੀਆਂ ਖੁਰਦ, ਮੋਹਲ ਨੰਗਲ, ਕੋਠਾ, ਅਬਦਾਲ, ਰੱਤਾ, ਵੈਰੋਕੇ, ਠੇਠਰਕੇ, ਖੋਦੇ ਬੇਟ, ਮੰਗੀਆਂ, ਧਰਮਕੋਟ ਰੰਧਾਵਾ, ਮਾਨਸੂਰ, ਤਲਵੰਡੀ ਹਿੰਦੂਆਂ, ਸਹਿਜ਼ਾਦਾ, ਘਣੀਏ-ਕੇ-ਬੇਟ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ, ਰੱਤੜ-ਛੱਤੜ, ਪੰਨਵਾਂ, ਧਰਮਾਬਾਦ, ਸਿੰਘਪੁਰਾ, ਬਹਿਲੋਪੁਰ, ਘੁੰਮਣ, ਚਾਕਾਂਵਾਲੀ, ਤਲਵੰਡੀ ਗੁਰਾਇਆ, ਚੌੜਾ ਅਤੇ ਖੁਸ਼ਹਾਲਪੁਰ ਦੇ ਵਸਨੀਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਇਸ ਦੇ ਨਾਲ ਹੀ ਹੈਲੀਕਾਪਟਰ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਵਿੱਚ ਘਿਰੇ ਪਿੰਡ ਮਕੌੜਾ, ਨਵੀਂ ਅਬਾਦੀ ਚੰਡੀਗੜ੍ਹ, ਮਰਾੜਾ, ਝਬਕਰਾ, ਚਿੱਠੀ, ਜੋਗਰ, ਸ਼ਮਸ਼ੇਰਪੁਰ, ਕਾਹਨਾ, ਜੈਨਪੁਰ, ਬਾਹਮਣੀ, ਦਬੁਰਜੀ, ਸ਼ਾਹਪੁਰ ਅਫ਼ਗਾਨਾ, ਦੁਗਰੀ, ਆਦੀ, ਇਸਲਾਮਪੁਰ, ਮਲੂਕ ਚੱਕ, ਠੁੰਡੀ, ਬਾਊਪੁਰ ਅਫ਼ਗਾਨਾ, ਸੰਗੋਰ, ਚਕਰੀ, ਸਲਾਚ, ਠੱਠੀ, ਓਗਰਾ, ਜੱਗੋ ਚੱਕ ਟਾਂਡਾ, ਚੱਕ ਰਾਜਾ, ਗਾਹਲੜੀ, ਸੰਦਲਪੁਰ, ਠਾਕੁਰਪੁਰ, ਜੀਵਨਪੁਰ ਅਤੇ ਕਜਲੇ ਵਿੱਚ ਵੀ ਰਾਹਤ ਸਮਗਰੀ ਪਹੁੰਚਾਈ ਗਈ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਹੈਲੀਕਾਪਟਰ ਰਾਹੀਂ ਰਾਹਤ ਸਮਗਰੀ ਪਹੁੰਚਾਉਣ ਮੌਕੇ ਹਲਕਾ ਕਾਦੀਆਂ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਹੈਲੀਕਾਪਟਰ ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵੱਡੀ ਰਾਹਤ ਬਣਿਆ ਹੋਇਆ ਹੈ।





# ਹੁਣ ਉਹ ਦਿਨ ਦੂਰ ਨਹੀਂ ਜਦੋਂ ਰੋਬੋਟ ਵੀ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ

**ਵਿਜੈ ਗਰਗ**

ਲੋਕ ਬਾਣੀ

ਚੀਨ ਇੱਕ ਅਨੋਖੀ ਤਕਨੀਕ ਵਿਕਸਤ ਕਰ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਰੋਬੋਟ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ। ਜੀ ਹਾਂ, ਇੱਕ ਚੀਨੀ ਤਕਨਾਲੋਜੀ ਕੰਪਨੀ ਨੇ ਇੱਕ ਅਜਿਹਾ ਰੋਬੋਟ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ ਜੋ ਇੱਕ ਔਰਤ ਵਾਂਗ ਗਰਭਵਤੀ ਹੋਵੇਗਾ ਅਤੇ ਬੱਚੇ ਨੂੰ ਜਨਮ ਦੇਵੇਗਾ। ਚੀਨ ਦੀ ਕਾਵਾ ਤਕਨਾਲੋਜੀ ਦੇ ਸੰਸਥਾਪਕ ਅਤੇ ਸੀਈਓ ਝਾਂਗ ਚਿਫੇਂਗ ਦੇ ਅਨੁਸਾਰ, ਇਹ ਮਨੁੱਖੀ ਰੋਬੋਟ ਇੱਕ ਨਕਲੀ ਬੱਚੇਦਾਨੀ ਨਾਲ ਲੈਸ ਹੋਵੇਗਾ ਜਿਸ ਵਿੱਚ ਭਰੂਣ ਗਰਭ ਅਵਸਥਾ ਤੋਂ ਲੈ ਕੇ ਜਨਮ ਤੱਕ ਵਿਕਸਤ ਹੋ ਸਕੇਗਾ। ਇਸਦੀ ਕੀਮਤ 1 ਲੱਖ ਯੂਆਨ (ਲਗਭਗ 14 ਹਜ਼ਾਰ ਅਮਰੀਕੀ ਡਾਲਰ) ਤੋਂ ਘੱਟ ਰੱਖੀ ਜਾਵੇਗੀ ਅਤੇ ਇਹ ਅਗਲੇ ਇੱਕ ਸਾਲ ਵਿੱਚ ਬਾਜ਼ਾਰ ਵਿੱਚ ਉਪਲਬਧ ਹੋ ਸਕਦਾ ਹੈ। ਝਾਂਗ ਨੇ ਕਿਹਾ ਕਿ ਨਕਲੀ ਬੱਚੇਦਾਨੀ ਤਕਨਾਲੋਜੀ ਹੁਣ ਪੂਰੀ ਤਰ੍ਹਾਂ ਪਰਿਪੱਕ ਹੋ ਚੁੱਕੀ ਹੈ, ਅਤੇ ਇਸਨੂੰ ਰੋਬੋਟ ਦੇ ਪੇਟ ਵਿੱਚ ਫਿੱਟ ਕਰਨ ਨਾਲ, ਮਨੁੱਖਾਂ ਅਤੇ ਰੋਬੋਟਾਂ ਵਿਚਕਾਰ ਅਜਿਹਾ ਆਪਸੀ ਤਾਲਮੇਲ ਸੰਭਵ ਹੋਵੇਗਾ ਜੋ ਭਰੂਣ ਦੇ ਵਿਕਾਸ ਵੱਲ ਲੈ ਜਾਵੇਗਾ। ਇਹ ਪ੍ਰਣਾਲੀ ਇਨਕਿਊਬੇਟਰ ਤੋਂ ਵੱਖਰੀ ਹੋਵੇਗੀ, ਜਿੱਥੇ ਬੱਚੇਦਾਨੀ ਵਿੱਚ ਨਕਲੀ ਐਮਨੀਓਟਿਕ ਤਰਲ ਪਦਾਰਥ ਹੋਵੇਗਾ ਅਤੇ ਭਰੂਣ ਨੂੰ ਇੱਕ ਟਿਊਬ ਰਾਹੀਂ ਪੋਸ਼ਣ ਦਿੱਤਾ ਜਾਵੇਗਾ। ਇਨ੍ਹਾਂ ਲੋਕਾਂ ਨੂੰ ਹੋਵੇਗਾ ਫਾਇਦਾ ਇਹ ਤਕਨਾਲੋਜੀ ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਵਿਕਸਤ ਕੀਤੀ ਜਾ ਰਹੀ ਹੈ ਜੋ ਵਿਆਹ ਨਹੀਂ ਕਰਨਾ ਚਾਹੁੰਦੇ ਜਾਂ ਗਰਭ ਅਵਸਥਾ ਦੀ ਜੈਵਿਕ ਪ੍ਰਕਿਰਿਆ ਤੋਂ ਬਚਣਾ ਚਾਹੁੰਦੇ ਹਨ। ਝਾਂਗ ਦੇ ਅਨੁਸਾਰ, ਇਹ ਪ੍ਰੋਜੈਕਟ ਆਬਾਦੀ ਵਿੱਚ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੰਪਨੀ ਨੇ ਇਸ 'ਤੇ ਗੁਆਂਗਡੋਂਗ ਸੂਬੇ ਦੇ ਅਧਿਕਾਰੀਆਂ ਨਾਲ ਫੋਰਮ ਆਯੋਜਿਤ ਕੀਤੇ ਹਨ ਅਤੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ 'ਤੇ ਨੀਤੀਗਤ ਪ੍ਰਸਤਾਵ ਵੀ ਪੇਸ਼ ਕੀਤੇ ਹਨ। 2015 ਵਿੱਚ ਸਥਾਪਿਤ ਕਾਇਵਾ ਤਕਨਾਲੋਜੀ ਪਹਿਲਾਂ ਹੀ ਬਹੁਤ ਸਾਰੇ ਸੇਵਾ ਅਤੇ ਰਿਸੈਪਸ਼ਨ ਰੋਬੋਟ ਬਣਾ ਚੁੱਕੀ ਹੈ। ਸਮਰਥਨ ਅਤੇ ਵਿਰੋਧ ਬਹੁਤ ਸਾਰੇ ਲੋਕ ਝਾਂਗ ਦੇ ਇਸ ਪ੍ਰੋਜੈਕਟ ਦਾ ਸਮਰਥਨ ਕਰ ਰਹੇ ਹਨ। ਕੁਝ ਲੋਕਾਂ ਨੇ ਇਸਨੂੰ ਔਰਤਾਂ ਲਈ ਗਰਭ ਅਵਸਥਾ ਦੇ ਸਰੀਰਕ ਬੋਝ ਨੂੰ ਖਤਮ ਕਰਨ ਲਈ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਜੇਕਰ ਕੀਮਤ ਕਿਫਾਇਤੀ ਹੈ, ਤਾਂ ਉਹ ਇਸਨੂੰ ਤੁਰੰਤ ਖਰੀਦਣਗੇ। ਇਸ ਦੇ ਨਾਲ ਹੀ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨੁੱਖੀ ਨੈਤਿਕਤਾ ਦੇ ਵਿਰੁੱਧ ਹੈ ਅਤੇ ਮਾਂ ਨਾਲ ਜੁੜੇ ਬਿਨਾਂ ਭਰੂਣ ਦਾ ਜਨਮ 'ਜ਼ਾਲਮ' ਹੋਵੇਗਾ। ਜੇਕਰ ਇਹ ਪ੍ਰੋਜੈਕਟ ਸਫਲ ਹੁੰਦਾ ਹੈ, ਤਾਂ ਬਾਂਝਪਨ ਤੋਂ ਪੀੜਤ ਲੋਕ ਵੀ ਬੱਚੇ ਪੈਦਾ ਕਰ ਸਕਣਗੇ। ਇਨ੍ਹਾਂ ਲੋਕਾਂ ਨੂੰ ਹੋਵੇਗਾ ਫਾਇਦਾ ਇਹ ਤਕਨਾਲੋਜੀ ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਵਿਕਸਤ ਕੀਤੀ ਜਾ ਰਹੀ ਹੈ ਜੋ ਵਿਆਹ ਨਹੀਂ ਕਰਨਾ ਚਾਹੁੰਦੇ ਜਾਂ ਗਰਭ ਅਵਸਥਾ ਦੀ ਜੈਵਿਕ ਪ੍ਰਕਿਰਿਆ ਤੋਂ ਬਚਣਾ ਚਾਹੁੰਦੇ ਹਨ। ਝਾਂਗ ਦੇ ਅਨੁਸਾਰ, ਇਹ ਪ੍ਰੋਜੈਕਟ ਆਬਾਦੀ ਵਿੱਚ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੰਪਨੀ ਨੇ ਇਸ 'ਤੇ ਗੁਆਂਗਡੋਂਗ ਸੂਬੇ ਦੇ ਅਧਿਕਾਰੀਆਂ ਨਾਲ ਫੋਰਮ ਆਯੋਜਿਤ ਕੀਤੇ ਹਨ ਅਤੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ 'ਤੇ ਨੀਤੀਗਤ ਪ੍ਰਸਤਾਵ ਵੀ ਪੇਸ਼ ਕੀਤੇ ਹਨ। 2015 ਵਿੱਚ ਸਥਾਪਿਤ, ਕਾਵਾ ਤਕਨਾਲੋਜੀ ਪਹਿਲਾਂ ਹੀ ਬਹੁਤ ਸਾਰੇ ਸੇਵਾ ਅਤੇ ਰਿਸੈਪਸ਼ਨ ਰੋਬੋਟ ਬਣਾ ਚੁੱਕੀ ਹੈ। ਸਮਰਥਨ ਅਤੇ ਵਿਰੋਧ ਬਹੁਤ ਸਾਰੇ ਲੋਕ ਝਾਂਗ ਦੇ ਇਸ ਪ੍ਰੋਜੈਕਟ ਦਾ ਸਮਰਥਨ ਕਰ ਰਹੇ ਹਨ। ਕੁਝ ਲੋਕਾਂ ਨੇ ਇਸਨੂੰ ਔਰਤਾਂ ਲਈ ਗਰਭ ਅਵਸਥਾ ਦੇ ਸਰੀਰਕ ਬੋਝ ਨੂੰ ਖਤਮ ਕਰਨ ਲਈ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਜੇਕਰ ਕੀਮਤ ਕਿਫਾਇਤੀ ਹੈ, ਤਾਂ ਉਹ ਇਸਨੂੰ ਤੁਰੰਤ ਖਰੀਦਣਗੇ। ਇਸ ਦੇ ਨਾਲ ਹੀ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨੁੱਖੀ ਨੈਤਿਕਤਾ ਦੇ ਵਿਰੁੱਧ ਹੈ ਅਤੇ ਮਾਂ ਨਾਲ ਜੁੜੇ ਬਿਨਾਂ ਭਰੂਣ ਦਾ ਜਨਮ 'ਜ਼ਾਲਮ' ਹੋਵੇਗਾ। ਜੇਕਰ ਇਹ ਪ੍ਰੋਜੈਕਟ ਸਫਲ ਹੁੰਦਾ ਹੈ, ਤਾਂ ਬਾਂਝਪਨ ਤੋਂ ਪੀੜਤ ਲੋਕ ਵੀ ਬੱਚੇ ਪੈਦਾ ਕਰ ਸਕਣਗੇ। ਚੀਨ ਵਿੱਚ ਬਾਂਝਪਨ ਵਧ ਰਿਹਾ ਹੈ ਚੋਸੁਨ ਬਿਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਚੀਨ ਵਿੱਚ ਬਾਂਝਪਨ ਦਰ 2007 ਵਿੱਚ 11.9% ਤੋਂ ਵੱਧ ਕੇ 2020 ਵਿੱਚ 18% ਹੋ ਗਈ ਹੈ। ਬੀਜਿੰਗ ਅਤੇ ਸ਼ੰਘਾਈ ਵਰਗੇ ਸ਼ਹਿਰ ਹੁਣ ਮੈਡੀਕਲ ਬੀਮੇ ਦੇ ਤਹਿਤ ਨਕਲੀ ਗਰਭਧਾਰਨ ਅਤੇ 9੦6 ਨੂੰ ਕਵਰ ਕਰ ਰਹੇ ਹਨ। 2022 ਵਿੱਚ, ਜਿਆਂਗਸੂ ਪ੍ਰਾਂਤ ਦੇ ਸੁਜ਼ੌ ਇੰਸਟੀਚਿਊਟ ਆਫ਼ ਬਾਇਓਮੈਡੀਕਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੇ ਇੱਕ ਏਆਈ-ਅਧਾਰਤ 'ਨੈਨੀ ਰੋਬੋਟ' ਵਿਕਸਤ ਕੀਤਾ ਜੋ ਇੱਕ ਨਕਲੀ ਬੱਚੇਦਾਨੀ ਵਿੱਚ ਭਰੂਣ ਦੀ ਨਿਗਰਾਨੀ ਅਤੇ ਦੇਖਭਾਲ ਕਰਦਾ ਸੀ। ਹਾਲਾਂਕਿ, ਚੀਨੀ ਕਾਨੂੰਨ ਦੋ ਹਫ਼ਤਿਆਂ ਤੋਂ ਵੱਧ ਸਮੇਂ ਲਈ ਨਕਲੀ ਬੱਚੇਦਾਨੀ ਵਿੱਚ ਮਨੁੱਖੀ ਭਰੂਣਾਂ ਨੂੰ ਵਧਾਉਣ 'ਤੇ ਪਾਬੰਦੀ ਲਗਾਉਂਦਾ ਹੈ।



**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਸਕ੍ਰੀਨਾਂ ਨਾਲ ਜੁੜਿਆ ਹੋਇਆ: ਭਾਰਤ ਦਾ ਚੁੱਪ ਡਿਜੀਟਲ ਸੰਕਟ

**ਵਿਜੇ ਗਰਗ**

ਭਾਰਤ, ਡਿਜੀਟਲ ਕ੍ਰਾਂਤੀ ਦੇ ਮੋਹਰੀ ਦੇਸ਼, ਇੱਕ ਚੁੱਪ ਪਰ ਵਿਆਪਕ ਸੰਕਟ ਨਾਲ ਜੂਝ ਰਿਹਾ ਹੈ: ਵਿਆਪਕ ਡਿਜੀਟਲ ਲਤ। ਜਿਵੇਂ-ਜਿਵੇਂ ਸਮਾਰਟਫੋਨ ਅਤੇ ਇੰਟਰਨੈੱਟ ਰੋਜ਼ਾਨਾ ਜੀਵਨ ਵਿੱਚ ਤੇਜ਼ੀ ਨਾਲ ਏਕੀਕ੍ਰਿਤ ਹੁੰਦੇ ਜਾ ਰਹੇ ਹਨ, ਲੋਕਾਂ ਦੀ ਵਧਦੀ ਗਿਣਤੀ, ਖਾਸ ਕਰਕੇ ਬੱਚੇ ਅਤੇ ਨੌਜਵਾਨ, ÷ਸਕ੍ਰੀਨਾਂ ਨਾਲ ਜੁੜੇ÷ ਹੋ ਰਹੇ ਹਨ, ਜਿਸ ਨਾਲ ਕਈ ਤਰ੍ਹਾਂ ਦੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਸਮੱਸਿਆ ਦਾ ਪੈਮਾਨਾ ਭਾਰਤ ਵਿੱਚ ਬਹੁਤ ਜ਼ਿਆਦਾ ਸਕ੍ਰੀਨ ਸਮੇਂ ਦੇ ਅੰਕੜੇ ਚਿੰਤਾਜਨਕ ਹਨ:

ਇੱਕ ਤਾਜ਼ਾ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਭਾਰਤ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਔਸਤਨ ਰੋਜ਼ਾਨਾ 2.2 ਘੰਟੇ ਸਕ੍ਰੀਨ 'ਤੇ ਬਿਤਾਉਂਦੇ ਹਨ, ਜੋ ਕਿ ਸਿਫ਼ਾਰਸ਼ ਕੀਤੀ ਸੀਮਾ ਤੋਂ ਦੁੱਗਣੇ ਤੋਂ ਵੀ ਵੱਧ ਹੈ।

ਇੱਕ ਹੋਰ ਸਰਵੇਖਣ ਤੋਂ ਪਤਾ ਲੱਗਾ ਹੈ ਕਿ 5 ਤੋਂ 16 ਸਾਲ ਦੀ ਉਮਰ ਦੇ 60% ਬੱਚੇ ਅਜਿਹੇ ਵਿਵਹਾਰ ਦਿਖਾਉਂਦੇ ਹਨ ਜੋ ਸੰਭਾਵੀ ਡਿਜੀਟਲ ਲਤ ਦਾ ਸੰਕੇਤ ਦੇ ਸਕਦੇ ਹਨ।

ਹੈਦਰਾਬਾਦ ਵਿੱਚ ਹੋਏ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਨੌਜਵਾਨ ਔਸਤਨ 6.47 ਘੰਟੇ ਸਕ੍ਰੀਨ 'ਤੇ ਬਿਤਾਉਂਦੇ ਹਨ, ਇਸ ਜ਼ਿਆਦਾ ਵਰਤੋਂ ਨਾਲ ਦਿਮਾਗੀ ਕਾਰਜਸ਼ੀਲਤਾ ਸੁਸਤ ਹੋ ਜਾਂਦੀ ਹੈ ਅਤੇ ਧਿਆਨ ਘੱਟ ਜਾਂਦਾ ਹੈ। ਬਹੁਤ ਜ਼ਿਆਦਾ ਸਕ੍ਰੀਨ ਟਾਈਮ ਦੇ ਨਤੀਜੇ ÷ਚੁੱਪ ਡਿਜੀਟਲ ਸੰਕਟ÷ ਭਾਰਤੀ ਆਬਾਦੀ ਦੀ ਸਿਹਤ ਅਤੇ ਤੰਦਰੁਸਤੀ 'ਤੇ ਡੂੰਘਾ ਪ੍ਰਭਾਵ ਪਾ ਰਿਹਾ ਹੈ:




ਸਰੀਰਕ ਸਿਹਤ: ਨਜ਼ਰ ਦੀਆਂ ਸਮੱਸਿਆਵਾਂ: ਸਕ੍ਰੀਨਾਂ 'ਤੇ ਲੰਬੇ ਸਮੇਂ ਤੱਕ ਧਿਆਨ ਕੇਂਦਰਿਤ ਰਹਿਣ ਅਤੇ ਬਾਹਰੀ ਰੌਸ਼ਨੀ ਦੀ ਘਾਟ ਬੱਚਿਆਂ ਵਿੱਚ ਅੱਖਾਂ ਦੇ ਦਬਾਅ ਅਤੇ ਮਾਇਓਪੀਆ (ਨੇੜਲੀ ਨਜ਼ਰ) ਵਿੱਚ ਚਿੰਤਾਜਨਕ ਵਾਧਾ ਕਰ ਰਹੀ ਹੈ।

ਬੈਠਣ ਵਾਲੀ ਜੀਵਨ ਸ਼ੈਲੀ: ਸਕ੍ਰੀਨ ਦੀ ਲਤ ਬੈਠਣ ਵਾਲੀ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਮੋਟਾਪਾ ਅਤੇ ਸੰਬੰਧਿਤ ਸਿਹਤ ਸਮੱਸਿਆਵਾਂ ਵਿੱਚ ਵਾਧਾ ਹੁੰਦਾ ਹੈ।

ਨੀਂਦ ਵਿੱਚ ਵਿਘਨ: ਸਕ੍ਰੀਨਾਂ ਦੁਆਰਾ ਨਿਕਲਣ ਵਾਲੀ ਨੀਲੀ ਰੋਸ਼ਨੀ ਸਰੀਰ ਦੇ ਕੁਦਰਤੀ ਨੀਂਦ-ਜਾਗਣ ਦੇ ਚੱਕਰ ਵਿੱਚ ਵਿਘਨ ਪਾਉਂਦੀ ਹੈ, ਜਿਸ ਨਾਲ ਨੀਂਦ ਦੀ ਗੁਣਵੱਤਾ ਖਰਾਬ ਹੁੰਦੀ ਹੈ ਅਤੇ ਮਾਨਸਿਕ ਅਤੇ ਸਰੀਰਕ ਥਕਾਵਟ ਹੁੰਦੀ ਹੈ।

ਮਾਨਸਿਕ ਅਤੇ ਬੋਧਾਤਮਕ ਸਿਹਤ: ਘਟੀ ਹੋਈ ਧਿਆਨ ਦੀ ਮਿਆਦ: ਤੇਜ਼-ਰਫ਼ਤਾਰ, ਉਤੇਜਕ ਸਮੱਗਰੀ ਦੇ ਲਗਾਤਾਰ ਸੰਪਰਕ ਕਾਰਨ ਧਿਆਨ ਦੀ ਮਿਆਦ ਘੱਟ ਰਹੀ ਹੈ ਅਤੇ ਵਿਅਕਤੀਆਂ, ਖਾਸ ਕਰਕੇ ਵਿਦਿਆਰਥੀਆਂ ਲਈ, ਵਿਸਤ੍ਰਿਤ ਜਾਂ ਲੰਬੇ ਸਮੇਂ ਦੀ ਸਮੱਗਰੀ 'ਤੇ ਧਿਆਨ ਕੇਂਦਰਿਤ ਕਰਨਾ ਮੁਸ਼ਕਲ ਹੋ ਰਿਹਾ ਹੈ।

ਚਿੰਤਾ ਅਤੇ ਉਦਾਸੀ: ਅਧਿਐਨਾਂ ਨੇ ਕਿਸ਼ੋਰਾਂ ਵਿੱਚ ਬਹੁਤ ਜ਼ਿਆਦਾ ਸਕ੍ਰੀਨ ਸਮਾਂ, ਸੋਸ਼ਲ ਮੀਡੀਆ ਦੀ ਵਰਤੋਂ, ਅਤੇ ਚਿੰਤਾ ਅਤੇ ਉਦਾਸੀ ਦੇ ਲੱਛਣਾਂ ਵਿਚਕਾਰ ਇੱਕ ਸਕਾਰਾਤਮਕ ਸਬੰਧ ਦਿਖਾਇਆ ਹੈ।

ਵਿਕਾਸ ਵਿੱਚ ਦੇਰੀ: ਛੋਟੇ ਬੱਚਿਆਂ ਲਈ, ਬਹੁਤ ਜ਼ਿਆਦਾ ਸਕ੍ਰੀਨ ਸਮਾਂ ਭਾਸ਼ਾ ਵਿਕਾਸ ਵਿੱਚ ਦੇਰੀ, ਬੋਧਾਤਮਕ ਕਾਰਜ ਵਿੱਚ ਕਮੀ, ਅਤੇ ਸਮਾਜਿਕ ਹੁਨਰਾਂ ਵਿੱਚ ਰੁਕਾਵਟ ਨਾਲ ਜੋੜਿਆ ਗਿਆ ਹੈ।


ਸਮਾਜਿਕ ਅਤੇ ਵਿਵਹਾਰ ਸੰਬੰਧੀ ਮੁੱਦੇ: ਸਮਾਜਿਕ ਤੌਰ 'ਤੇ ਪਿੱਛੇ ਹਟਣਾ: ਸਕ੍ਰੀਨਾਂ ਦੇ ਆਦੀ ਵਿਅਕਤੀ ਅਸਲ-ਸੰਸਾਰ ਦੇ ਸਮਾਜਿਕ ਪਰਸਪਰ ਪ੍ਰਭਾਵ ਤੋਂ ਪਿੱਛੇ ਹਟ ਸਕਦੇ ਹਨ, ਜਿਸ ਨਾਲ ਸਮਾਜਿਕ ਹੁਨਰ ਦੀ ਘਾਟ ਹੋ ਸਕਦੀ ਹੈ।

ਵਧਿਆ ਹੋਇਆ ਹਮਲਾਵਰਤਾ: ਬਹੁਤ ਜ਼ਿਆਦਾ ਸਕ੍ਰੀਨ ਸਮਾਂ, ਖਾਸ ਕਰਕੇ ਮੀਡੀਆ ਹਿੰਸਾ ਅਤੇ ਔਨਲਾਈਨ ਟਕਰਾਵਾਂ ਦੇ ਸੰਪਰਕ ਵਿੱਚ ਆਉਣਾ, ਵਧੇ ਹੋਏ ਹਮਲਾਵਰਤਾ ਅਤੇ ਵਿਵਹਾਰ ਸੰਬੰਧੀ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਸੰਕਟ ਨੂੰ ਸੰਬੋਧਨ ਕਰਨਾ ਭਾਰਤ ਸਰਕਾਰ ਅਤੇ ਵੱਖ-ਵੱਖ ਸੰਗਠਨ ਇਸ ਵਧ ਰਹੀ ਸਮੱਸਿਆ ਦੇ ਹੱਲ ਲਈ ਕਦਮ ਚੁੱਕਣੇ ਸ਼ੁਰੂ ਕਰ ਰਹੇ ਹਨ:

ਕਾਨੂੰਨ: ਸਰਕਾਰ ਨੇ ਔਨਲਾਈਨ ਗੇਮਿੰਗ ਦੀ ਲਤ ਅਤੇ ਵਿੱਤੀ ਤਬਾਹੀ ਨੂੰ ਰੋਕਣ ਲਈ ਬਿੱਲ ਅਤੇ ਨਿਯਮ ਪੇਸ਼ ਕੀਤੇ ਹਨ, ਜਿਵੇਂ ਕਿ ਔਨਲਾਈਨ ਗੇਮਿੰਗ ਦਾ ਪ੍ਰਚਾਰ ਅਤੇ ਨਿਯਮਨ ਬਿੱਲ, 2025।

ਸਲਾਹਾਂ ਅਤੇ ਪਹਿਲਕਦਮੀਆਂ: ਸਿੱਖਿਆ ਮੰਤਰਾਲੇ ਨੇ ਮਾਪਿਆਂ ਅਤੇ ਅਧਿਆਪਕਾਂ ਲਈ ਔਨਲਾਈਨ ਗੇਮਿੰਗ ਦੇ ਨੁਕਸਾਨਾਂ ਅਤੇ ਸੁਰੱਖਿਅਤ ਔਨਲਾਈਨ ਆਦਤਾਂ ਨੂੰ ਕਿਵੇਂ ਉਤਸ਼ਾਹਿਤ ਕਰਨਾ ਹੈ, ਬਾਰੇ ਸਲਾਹਾਂ ਜਾਰੀ ਕੀਤੀਆਂ ਹਨ। ਕਰਨਾਟਕ ਵਰਗੇ ਕੁਝ ਰਾਜਾਂ ਨੇ ਡਿਜੀਟਲ ਨਿਰਭਰਤਾ ਨਾਲ ਜੂਝ ਰਹੇ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਆਪਣੀਆਂ ÷ਡਿਜੀਟਲ ਡੀਟੌਕਸ÷ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ।

ਸਿਹਤ ਸੰਭਾਲ ਏਕੀਕਰਨ: ਡਿਜੀਟਲ ਡੀਟੌਕਸ ਪ੍ਰੋਗਰਾਮਾਂ ਨੂੰ ਮੁੱਖ ਧਾਰਾ ਦੀ ਸਿਹਤ ਸੰਭਾਲ ਵਿੱਚ ਏਕੀਕ੍ਰਿਤ ਕਰਨ ਲਈ ਇੱਕ ਵਧਦੀ ਜ਼ੋਰ ਹੈ ਤਾਂ ਜੋ ਢਾਂਚਾਗਤ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ ਅਤੇ ਇਸ ਮੁੱਦੇ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਜਦੋਂ ਕਿ ਇਹ ਕਦਮ ਇੱਕ ਸ਼ੁਰੂਆਤ ਹਨ, ਇੱਕ ਵਿਆਪਕ, ਬਹੁ-ਪੱਖੀ ਪਹੁੰਚ ਦੀ ਲੋੜ ਹੈ। ਇਸ ਵਿੱਚ ਨਾ ਸਿਰਫ਼ ਸਰਕਾਰੀ ਕਾਰਵਾਈ ਸ਼ਾਮਲ ਹੈ, ਸਗੋਂ ਜਾਗਰੂਕਤਾ ਮੁਹਿੰਮਾਂ, ਵਿਦਿਅਕ ਪ੍ਰੋਗਰਾਮਾਂ ਅਤੇ ਇੱਕ ਸੰਤੁਲਿਤ ਡਿਜੀਟਲ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ 'ਤੇ ਵਧੇਰੇ ਜ਼ੋਰ ਦੇਣਾ ਵੀ ਸ਼ਾਮਲ ਹੈ। ਸਕ੍ਰੀਨ ਦੀ ਲਤ ਦੇ ÷ਚੁੱਪ ਸੰਕਟ÷ ਲਈ ਇਹ ਯਕੀਨੀ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਹੈ ਕਿ ਭਾਰਤ ਦੀ ਡਿਜੀਟਲ ਤਰੱਕੀ ਇਸਦੇ ਨਾਗਰਿਕਾਂ ਦੀ ਭਲਾਈ ਦੀ ਕੀਮਤ 'ਤੇ ਨਾ ਆਵੇ।



**ਵਿਜੇ ਗਰਗ ਸੇਵਾਮੁਕਤ ਪ੍ਰਿੰਸੀਪਲ ਵਿਦਿਅਕ ਕਾਲਮਨਵੀਸ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**





